# ਦੂਜਾ ਪਾਸਾ


## ਇਕਾਂਗੀ ਸੰਗ੍ਰਹਿ

ਲੇਖਕ: ਅਜਮੇਰ ਰੋਡੇ

ਅਜਮੇਰ ਰੋਡੇ ਦਾ ਇਹ ਇਕਾਂਗੀ ਸੰਗ੍ਰਹਿ ਪਹਿਲੀ ਵਾਰ ਕੁਲਬੀਰ ਸੂਰੀ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ ਵੱਲੋਂ 1981 ਵਿੱਚ ਪ੍ਰਕਾਸ਼ਤ ਕੀਤਾ ਗਿਆ ਸੀ।

ਇਸ ਦੀ ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਆਨਲਾਈਨ ਪਾਉਣ ਲਈ ਤਿਆਰ ਕੀਤੀ।

# ਦੂਜਾ ਪਾਸਾ



ਅਜਮੇਰ ਰੋਡੇ

**ਇਸੇ ਕਲਮ ਤੋਂ :**

ਸੁਰਤੀ

ਵਿਸ਼ਵ ਦੀ ਨੁਹਾਰ

ਕਾਮਾ ਗਾਟਾ ਮਾਰੂ ( ਨਾਟਕ )

# ਦੂਜਾ ਪਾਸਾ

**ਅਜਮੇਰ ਰੋਡੇ**

ਨਾਨਕ ਸਿੰਘ ਪੁਸਤਕ ਮਾਲਾ

DOOJA PASA (one act plays)
by
AJMER RODE

ਪਹਿਲੀ ਵਾਰ
ਮਾਰਚ 1981

ਪ੍ਰਕਾਸ਼ਕ :
ਕੁਲਬੀਰ ਸੂਰੀ,
ਨਾਨਕ ਸਿੰਘ ਪੁਸਤਕਮਾਲਾ,
ਮਾਸਟਰ ਤਾਰਾ ਸਿੰਘ ਮਾਰਕਿਟ,
ਬਜ਼ਾਰ ਸਰਾਂ ਗੁਰੂ ਰਾਮਦਾਸ,
ਅੰਮ੍ਰਿਤਸਰ ।

ਛਾਪਕ :
ਲਾਕਟ ਪ੍ਰਿੰਟਰਜ,
ਚੌਂਕ ਬਾਬਾ ਭੌੜੀ, ਅੰਮ੍ਰਿਤਸਰ ।

**ਮੁੱਲ : ਵੀਹ ਰੁਪਏ**

ਮੋਹ ਤੇ ਸਤਿਕਾਰ ਨਾਲ
ਆਪਣੇ ਮਾਤਾ ਪਿਤਾ
ਸ਼ਾਮ ਕੌਰ ਅਤੇ ਕਿਸ਼ਨ ਸਿੰਘ ਜੀ
ਨੂੰ ਸਮਰਪਿਤ

○ ਦੂਜਾ ਪਾਸਾ 9
○ ਇਕ ਕੁੜੀ ਇਕ ਸੁਪਨਾ 35
○ ਵੀਜ਼ਾ 57

# ਦੂਜਾ ਪਾਸਾ

ਪਾਤਰ :

(ਪ੍ਰਵੇਸ਼ ਅਨੁਸਾਰ)

| | | |
|---|---|---|
| ਜਸਵੰਤ ਕੌਰ | : | ਉਮਰ 43 ਸਾਲ |
| ਹਰਨਾਮ ਸਿੰਘ | : | ਜਸਵੰਤ ਕੌਰ ਦਾ ਪਤੀ, 47 ਸਾਲ |
| ਕਿਰਪਾਲ ਸਿੰਘ | : | ਹਰਨਾਮ ਸਿੰਘ ਦਾ ਦੋਸਤ, 50 ਸਾਲ |
| ਗੁਰਦੀਪ | : | ਹਰਨਾਮ ਸਿੰਘ ਦਾ ਲੜਕਾ, 22 ਸਾਲ |
| ਬਲਵੰਤ | : | ਹਰਨਾਮ ਸਿੰਘ ਦੇ ਚਾਚੇ ਦਾ ਮੁੰਡਾ, 35 ਸਾਲ |
| ਜਗਦੇਵ | : | ਇਕ ਵਾਕਿਫ, 35 ਸਾਲ |

**ਸਥਾਨ :**

ਵੈਨਕੂਵਰ, ਸ਼ਾਂਤ ਸਾਗਰ ਦੇ ਕੰਢੇ ਕੈਨੇਡਾ ਦਾ ਮੁੱਖ ਨਗਰ

**ਸਮਾਂ :**

ਵਰਤਮਾਨ

ਦੂਜਾ ਪਾਸਾ 10 ਦਸੰਬਰ 1977 ਨੂੰ ਪਹਿਲੀ ਵਾਰ ਸੈਕਸਮਿੱਥ ਸਕੂਲ, ਵੈਨਕੂਵਰ ਵਿੱਚ ਵਤਨੋਂ ਦੂਰ ਆਰਟ ਫਾਊਂਡੇਸ਼ਨ ਵਲੋਂ ਖੇਡਿਆ ਗਿਆ। ਨਾਟਕ ਦੋ ਭਾਗਾਂ ਵਿੱਚ ਪੇਸ਼ ਕੀਤਾ ਗਿਆ : ਪਹਿਲਾ ਭਾਗ ਪੰਜਾਬ ਦੇ ਇਕ ਪਿੰਡ ਵਿੱਚ ਵਾਪਰਦਾ ਹੈ ਜਿਸ ਦੀ ਪੇਸ਼ਕਾਰੀ ਮੰਚ ਉੱਤੇ ਰੌਸ਼ਨੀ ਮੱਧਮ ਰੱਖ ਕੇ ਪਿਛੋਕੜ ਵਿਚੋਂ ਕੀਤੀ ਗਈ। ਮੰਚ ਦੇ ਪਿਛਲੇ ਪਰਦੇ ਉੱਤੇ ਰੰਗਦਾਰ ਸਲਾਈਡਾਂ, ਅਤੇ ਸੰਗੀਤ ਰਾਹੀਂ ਦ੍ਰਿਸ਼ ਪੇਸ਼ ਕੀਤੇ ਗਏ ਜੋ ਪਿਛੋਕੜ ਵਿੱਚ ਚਲ ਰਹੇ ਵਾਰਤਾ-ਲਾਪ ਨੂੰ ਰੂਪ ਮਾਨ ਕਰਦੇ ਸਨ (ਪਿੰਡ ਵਿੱਚ ਟਿਊਬਵੈੱਲ ਦਾ ਸੀਨ, ਸ਼ਹਿਰ ਵਿੱਚ ਜਲੂਸ, ਹਵਾਈ ਜਹਾਜ਼ ਦੀ ਉਡਾਨ ਆਦਿ—ਇਸ ਭਾਗ ਦੀ ਵਾਰਤਾਲਾਪ ਵਿੱਚ ਹਰਨਾਮ ਸਿੰਘ ਦਾ ਰੋਲ ਇੰਦਰੇਸ਼ ਨੇ ਕੀਤਾ ਅਤੇ ਜਸਵੰਤ ਕੌਰ ਦਾ ਅੰਮ੍ਰਿਤ ਮਾਨ ਨੇ। ਇਹ ਭਾਗ ਕਿਉਂਕਿ ਆਵਾਜ਼, ਸਲਾਈਡਾਂ ਅਤੇ ਸੰਗੀਤ ਰਾਹੀਂ ਹੀ ਪੇਸ਼ ਕੀਤਾ ਗਿਆ ਸੀ, ਇਸ ਲਈ ਪੁਸਤਕ ਵਿੱਚ ਦਰਜ ਨਹੀਂ ਕੀਤਾ ਗਿਆ।

ਦੂਜਾ ਭਾਗ, ਜੋ ਇਸ ਪੁਸਤਕ ਵਿੱਚ ਸ਼ਾਮਲ ਹੈ ਤੇ ਆਪਣੇ ਆਪ ਵਿੱਚ ਸੰਪੂਰਣ ਇਕਾਂਗੀ ਹੈ, ਕੈਨੇਡਾ ਵਿੱਚ ਵਾਪਰਦਾ ਹੈ। ਇਹ ਭਾਗ ਮੰਚ ਉੱਤੇ ਖੇਡਿਆ ਗਿਆ ਜਿਸ ਵਿੱਚ ਪ੍ਰਵੇਸ਼ ਅਨੁਸਾਰ ਹੇਠ ਲਿਖੇ ਕਲਾਕਾਰਾਂ ਨੇ ਭਾਗ ਲਿਆ :

| | | |
|---|---|---|
| ਜਸਵੰਤ ਕੌਰ | : | ਦਰਸ਼ਨ ਬੈਂਸ |
| ਹਰਨਾਮ ਸਿੰਘ | : | ਇੰਦਰੇਸ਼ |
| ਕਿਰਪਾਲ ਸਿੰਘ | : | ਕਰਮਜੀਤ ਘੁਮਾਣ |
| ਗੁਰਦੀਪ | : | ਪਾਲ ਬਿਨਿੰਗ |
| ਬਲਵੰਤ | : | ਭਵਖੰਡਨ |
| ਜਗਦੇਵ | : | ਰਘੁਬੀਰ ਮੰਡ |

ਪਹਿਲੇ ਅਤੇ ਦੂਜੇ ਭਾਗ ਨੂੰ ਸੂਤਰਧਾਰ ਦੇ ਪ੍ਰਵੇਸ਼ ਰਾਹੀਂ ਜੋੜਿਆ ਗਿਆ, ਜਿਸਦਾ ਰੋਲ ਸੁਰਜੀਤ ਕਲਸੀ ਨੇ ਕੀਤਾ।

[ਮੇਕ ਅੱਪ : ਉਦੇ ਕੋਰਟਾਣਾ
ਮੰਚ ਦ੍ਰਿਸ਼ਾਵਲੀ : ਪਾਲ ਬਿਨਿੰਗ ਅਤੇ ਰਘੁਬੀਰ ਮੰਡ
ਸਲਾਈਡ ਪ੍ਰੋਜੈਕਸ਼ਨ : ਸਾਧੂ
ਨਿਰਦੇਸ਼ਨ ਅਤੇ ਸੰਗੀਤ : ਅਜਮੇਰ ਰੋਡੇ]

(ਜਸਵੰਤ ਕੌਰ ਆਪਣੇ ਘਰ ਦੇ ਲਿਵਿੰਗ ਰੂਮ ਵਿਚ ਬੈਠੀ ਸਬਜੀ ਚੀਰ ਰਹੀ ਹੈ। ਗਰਮੀਆਂ ਦੇ ਛੇ ਸੱਤ ਵਜੇ ਦਾ ਸਮਾਂ ਹੈ। ਇਕ ਪਾਸੇ ਮੇਜ ਉਤੇ ਪਏ ਟ੍ਰਾਂਜਿਸਟਰ ਤੋਂ ਕੋਈ ਪੰਜਾਬੀ ਦਾ ਪ੍ਰੋਗਰਾਮ ਆ ਰਿਹਾ ਹੈ। ਲਿਵਿੰਗ ਰੂਮ ਵਿਚ ਇਕ ਸਾਦਾ ਜਿਹਾ ਸੋਫਾ ਸੈੱਟ ਹੈ, ਜਿਸ ਉੱਤੇ ਫੁੱਲਦਾਰ ਕਪੜੇ ਵਿਛਾਏ ਹੋਏ ਹਨ। ਸੱਜੇ ਪਾਸੇ ਇਕ ਕੁਰਸੀ ਪਈ ਹੈ। ਇਕ ਕੋਨੇ ਤੇ ਟੀ.ਵੀ. ਪਿਆ ਹੈ, ਜਿਸ ਉੱਤੇ ਕਈ ਭਾਂਤ ਭਾਂਤ ਦੀਆਂ ਤਸਵੀਰਾਂ ਵਾਲੇ ਕਾਰਡ ਪਏ ਹਨ। ਸਾਹਮਣੀ ਦੀਵਾਰ ਉੱਤੇ ਵੀ ਦੋ ਤਸਵੀਰਾਂ ਦਿਸਦੀਆਂ ਹਨ।

ਬਾਹਰੋਂ ਦਰਵਾਜ਼ਾ ਖੁਲ੍ਹਣ ਦੀ ਅਵਾਜ਼ ਆਉਂਦੀ ਹੈ। ਜਸਵੰਤ ਕੌਰ ਉੱਠ ਕੇ ਖੜੀ ਹੋ ਜਾਂਦੀ ਹੈ ਤੇ ਦਰਵਾਜ਼ੇ ਵਲ ਉਤਸੁਕਤਾ ਨਾਲ ਦੇਖਦੀ ਹੈ। ਹਰਨਾਮ ਸਿੰਘ ਢੱਠੀ ਜਿਹੀ ਪੱਗ ਬੰਨ੍ਹੀ, ਉਤਰੇ ਹੋਏ ਚਿਹਰੇ ਨਾਲ ਪ੍ਰਵੇਸ਼ ਕਰਦਾ ਹੈ ਅਤੇ ਆਉਂਦਿਆਂ ਹੀ ਸੋਫੇ ਉਤੇ ਕੂਹਣੀ ਭਾਰ ਟੇਢਾ ਹੋ ਕੇ ਬੈਠ ਜਾਂਦਾ ਹੈ)

**ਜਸਵੰਤ ਕੌਰ :**

ਕਿਉਂ ਕੀ ਗੱਲ ਹੋ ਗੀ...ਐਂ ਆ ਕੇ ਪੈ ਗੇ ਸੋਫੇ ਤੇ ?

[ਹਰਨਾਮ ਸਿੰਘ ਚੁੱਪ ਰਹਿੰਦਾ ਹੈ]

**ਜਸਵੰਤ ਕੌਰ :**

(ਕੁਝ ਫਿਕਰਮੰਦ ਹੋ ਕੇ) ਚਿੱਤ ਢਿੱਲਾ ਐ ਜਾਂ ਹੋਰ ਕੋਈ ਗੱਲ ਐ ? ਕੁਝ ਦਸੋ ਤਾਂ ਸਹੀ।

**ਹਰਨਾਮ ਸਿੰਘ :**

ਓਇ ਆ...ਗੋਰਿਆਂ ਦਾ ਕਤੀੜ ਵਾਧਾ... (ਗੁੱਸੇ 'ਚ ਪੂਰੀ ਗੱਲ ਨਹੀਂ ਨਿਕਲਦੀ)।

**ਜਸਵੰਤ ਕੌਰ :**

ਹੈ ਹੈ ਲੋਹੜਾ, ਕਿੱਥੇ ਘੇਰ ਲਿਆ, ਕੀ ਕਹਿੰਦੇ ਔਤਰਿਆਂ ਦੇ, ਇਨ੍ਹਾਂ ਦੀ ਮਿੱਟੀ ਸੜ ਜੇ... ਕਿਤੇ ਸੱਟ ਫੇਟ ਤਾਂ ਨੀ ਮਾਰਗੇ ਕੋਈ ?



**ਹਰਨਾਮ ਸਿੰਘ :**

ਸੱਟ ਫੇਟ ਆਲੀ ਕਸਰ ਤਾਂ ਨੀ ਛਡਦੇ। ਕੋਈ ਧੌਲਾਂ ਮਾਰ ਗਿਆ ਕੋਈ ਅੱਗੋਂ ਬੂਟਾਂ ਦੇ ਠੁੱਡੇ ਮਾਰਨ ਲੱਗ ਪਿਆ... ਵੱਸ ਚਲਦਾ ਤਾਂ ਸੰਘੀ ਘੁੱਟ ਕੇ ਮਾਰ ਦਿੰਦਾ ਇਨ੍ਹਾਂ ਦੀ ਮਾਂ...

**ਜਸਵੰਤ ਕੌਰ :**

ਹੈ ਥੋਡਾ ਕੱਖ ਨਾ ਰਹੇ ਕੁੱਤਿਓ ! ਹੈਂ, ਕਿੱਡੀ ਅੱਤ ਚੁੱਕੀ ਐ ਇਨ੍ਹਾਂ ਜਾਇ ਖਾਣਿਆਂ ਨੇ, ਸੱਟ ਜਾਦੇ ਤਾਂ ਨੀ ਮਾਰਗੇ ਕਿਤੇ।

**ਹਰਨਾਮ ਸਿੰਘ :**

(ਜਰਾ ਖਿੱਝ ਕੇ) ਜਾਦੇ ਥੋੜ੍ਹੀ ਦਾ ਪਤਾ ਲਗਦੈ ਹੁਣ ਕੋਈ...

**ਜਸਵੰਤ ਕੌਰ :**

ਤੁਸੀਂ ਜਰਾ ਰਾਮ ਨਾਲ ਪੈ ਜੋ ਐਥੇ, ਮੈਂ ਚਾਹ ਧਰ ਦਿਆਂ। ਇਕ ਤਾਂ ਉਂ ਪ੍ਰਦੇਸ 'ਚ ਬੈਠੇ ਆਂ, ਇਕ ਇਹ ਨੀ ਸਾਹ ਲੈਣ ਦਿੰਦੇ ਕੁੱਤੇ ਜਹਾਨ ਦੇ। ਨਾ, ਗੱਲ ਛਿੜ ਕਿਥੋਂ ਪਈ ?

**ਹਰਨਾਮ ਸਿੰਘ :**

ਓਇ ਗੱਲ ਕੀ ਛਿੜਨੀ ਸੀ ਆਹ ਪੱਗ ਤੋਂ ਪੁਆੜਾ ਪੈਂਦਾ ਐ ਸਾਰਾ। ਔਥੇ ਦੋ ਬਲਾਕ ਪਰ੍ਹੇ ਐਵੇਂ ਹਾ ਹਾ ਹੀ ਹੀ ਕਰਨ ਲਗ ਪੇ... ਮੈਥੋਂ ਵੀ ਰਿਹਾ ਨਾ ਗਿਆ ਤੇ ਗੁੱਸੇ 'ਚ ਆ ਕੇ ਯੂ ਬਾਸਟਰ ਸ਼ਟ ਅੱਪ ਕਹਿ ਤਾ–

**ਜਸਵੰਤ ਕੌਰ :**

ਲੈ, ਕੀ ਲੈਣਾ ਸੀ ਉਹਨਾਂ ਨੂੰ ਛੇੜ ਕੇ।

**ਹਰਨਾਮ ਸਿੰਘ :**

ਅਖੇ ਕੀ ਲੈਣਾ ਸੀ ਉਹਨਾਂ ਨੂੰ ਛੇੜ ਕੇ, ਓਇ ਉਹ ਤਾਂ ਲੜਨ ਦਾ ਬਹਾਨਾ ਈ ਭਾਲਦੇ ਸੀ – ਇੱਲਾਂ ਆਂਙੂ ਟੁੱਟ ਕੇ ਆਪੇ... ਪੱਗ ਖਿੱਚ ਕੇ ਥੱਲੇ ਸਿੱਟ ਤੀ। ਮੈਂ ਵੀ ਇਕ ਦੋ ਦੇ ਲਾਈਆਂ ਪਰ ਤਿੰਨਾਂ ਅੱਗੇ ਕੱਲੇ ਦਾ ਕੀ ਬਣਦੈ, ਉਤੋਂ ਬਗਾਨਾ ਮੁਲਖ।

**ਜਸਵੰਤ ਕੌਰ :**

ਹੋਰ ਨੀ ਕਿਸੇ ਨੇ ਹਟਾਇਆ ਉਹਨਾਂ ਹਰਾਮੀਆਂ ਨੂੰ ?

**ਹਰਨਾਮ ਸਿੰਘ :**

ਹਟੌਣ ਵਾਲਾ ਉਥੇ ਕੌਣ ਸੀ — ਇਹੋ ਜੀਆਂ ਗਦੂਦਾਂ ਨੂੰ ਤਾਂ ਪੱਕੀ ਨ ਅੜਾ ਦੇ, ਫੇਰ ਔਂਦੀ ਹੈ ਸੁਰਤ ਟਿਕਾਣੇ ਏਸ ਜਾਤ ਦੀ, ਏਹਨਾਂ ਦੀ ਮਾਂ... ਪਿੰਡ ਕਿਸੇ ਤੋਂ ਉਇ ਨੀ ਅਖਵਾਈ ਸੀ ਕਦੇ ਏਥੇ ਕਮੀਨਾਂ ਤੋਂ ਭੈੜਾ ਹਾਲ ਐ । ਅਖੇ ਕਨੇਡਾ, ਕਨੇਡਾ, ਕਨੇਡਾ — ਲੈ ਵੇਖ ਲੈ ਕਨੇਡਾ, ਕੀ ਪਿਐ ਏਥੇ ਐਵੇਂ... (ਗਾਲ੍ਹ ਕੱਢਦਾ ਹੈ)

[ਗੁੱਸੇ 'ਚ ਆ ਕੇ ਹਰਨਾਮ ਸਿੰਘ ਤੁਰਨ ਫਿਰਨ ਲੱਗ ਪੈਂਦਾ ਹੈ–ਬਾਹਰੋਂ ਘੰਟੀ ਹੁੰਦੀ ਹੈ । ਜਸਵੰਤ ਕੌਰ ਦਰਵਾਜ਼ਾ ਖੋਲ੍ਹਦੀ ਹੈ । ਕਿਰਪਾਲ ਸਿੰਘ ਅੰਦਰ ਆਉਂਦਾ ਹੈ ਦਾਹੜੀ ਪੱਗ ਰਖੀ ਹੋਈ ਹੈ]

**ਕਿਰਪਾਲ ਸਿੰਘ :**

(ਮੁਸਕਰਾ ਕੇ) ਸਾਸਰੀ ਕਾਲ ਜਸਵੰਤ ਕੁਰੇ

**ਜਸਵੰਤ ਕੌਰ :**

ਸਾਸਰੀ ਕਾਲ...ਆ ਜੋ ਲੰਘ ਆਉ ਅੰਦਰ ।

**ਕਿਰਪਾਲ ਸਿੰਘ :**

ਮੈਂ ਅਜ ਸਵੇਰੇ ਸਵੇਰੇ ਗੁਰਦੁਆਰੇ ਚਲਾ ਗਿਆ, ਹੁਣ ਉਥੋਂ ਈ ਤੁਰਿਆ ਆਉਨੈਂ, ਸੋਚਿਆ ਜਾਂਦਾ ਜਾਂਦਾ ਥੋਡੇ ਵੱਲ ਈ ਚੱਕਰ ਮਾਰ ਜਾਂ । ਘਰੇ ਈ ਐ ਹਰਨਾਮ ਸਿਹੁੰ ? ਬੱਚੇ ਤਾਂ ਬਾਹਰ ਗਏ ਹੋਣੇ ਐਂ ?

**ਜਸਵੰਤ ਕੌਰ .**

ਘਰੇ ਈ ਐ ਆਪ ਤਾਂ, ਦੀਪ ਵੀ ਔਣ ਵਾਲਾ ਐ ਕਿਸੇ ਮੀਟਿੰਗ 'ਚ ਗਿਆ ਹੋਇਐ ।



**ਕਿਰਪਾਲ ਸਿੰਘ :**

(ਹਰਨਾਮ ਸਿੰਘ ਨਾਲ ਹੱਥ ਮਿਲਾਉਂਦਾ ਹੋਇਆ) ਸੁਣਾ ਕੀ ਹਾਲ ਐ ਹਰਨਾਮ ਸਿਹਾਂ ਮੈਂ ਕਿਹਾ ਥੋਡਾ ਤਾਂ ਟੈਮ ਨੀ ਲੱਗਦਾ ਮੈਂ ਈ ਚੱਕਰ ਮਾਰ ਜਾਂ । ਕੀ ਗੱਲ ਐ ਸਿਹਤ ਠੀਕ ਨੀ ! ਢਿੱਲਾ ਜਿਹਾ ਲੱਗਦੈਂ ?

[ਸਾਰੇ ਜਣੇ ਬੈਠ ਜਾਂਦੇ ਹਨ]

**ਜਸਵੰਤ ਕੌਰ :**

(ਹਰਨਾਮ ਸਿੰਘ ਦੇ ਬੋਲਣ ਤੋਂ ਪਹਿਲਾਂ ਈ) ਸਿਹਤ ਕਾਹਦੀ ਐ ਭਾਈ ਏਥੇ ਹੱਜ ਐ ਕੋਈ ਰਹਿਣ ਦਾ । ਗੋਰਿਆਂ ਦੀ ਮਦੀਰ ਨੇ ਬਦਲੇ ਲੈ ਲੇ ਸਾਡੇ ਤਾਂ, ਆਹ ਤੇਰੇ ਅੱਗੇ ਅੱਗੇ ਹੁਣੇ ਆਏ ਐ ।

**ਕਿਰਪਾਲ ਸਿੰਘ :**

ਲੈ ! ਕੀ ਗੱਲ ਹੋ ਗੀ ?

**ਜਸਵੰਤ ਕੌਰ :**

ਗੱਲ ਕੀ ਹੋਣੀ ਸੀ, ਫੇਰ ਘੇਰ ਲਿਆ ਅੱਜ ।

**ਕਿਰਪਾਲ ਸਿੰਘ :**

ਹੱਛਾ ! ਫੇਰ ਤਾਂ ਬੜੀ ਭੈੜੀ ਗੱਲ ਹੋਈ । ਇਹਨਾਂ ਸਾਲਿਆਂ ਦੇ ਦਮਾਗ ਚੜ੍ਹੇ ਹੋਏ ਐ ਅੱਜ ਕਲ੍ਹ । ਪਰਸੋਂ ਸਾਡੇ ਬਲਾਕ 'ਚ ਵੀ ਆਪਣਿਆਂ ਦੇ ਸ਼ੀਸ਼ੇ ਭੰਨਗੇ । ਸੱਟ ਫੇਟ ਤਾਂ ਨੀ ਮਾਰਗੇ ? ਪੁਲੀਸ ਨੂੰ ਫੋਨ ਮਾਰਨਾ ਸੀ ?

**ਹਰਨਾਮ ਸਿੰਘ :**

ਪੁਲੀਸ ਆਉਣ ਤਕ ਠਹਿਰਦੇ ਐ ? ਇਹੋ ਜਿਆਂ ਨੂੰ ਤਾਂ ਓਥੇ ਈ ਚਿੱਪ ਦੇਵੇ ਡਾਂਗਾਂ ਨਾਲ ਫੇਰ ਔਂਦੀ ਐ ਸੁਰਤ ਟਿਕਾਣੇ ।

**ਕਿਰਪਾਲ ਸਿੰਘ :**

ਗੱਲ ਤਾਂ ਊਂ ਤੇਰੀ ਏਹੋ ਠੀਕ ਐ ।

**ਹਰਨਾਮ ਸਿੰਘ :**

ਮੈਂ ਤਾਂ, ਸੱਚੀ ਗੱਲ ਐ, ਪੱਗ ਤੋਂ ਅੱਕਿਆ ਪਿਐਂ । (ਜਸਵੰਤ ਕੌਰ

ਵੱਲ ਇਸ਼ਾਰਾ ਕਰਕੇ) ਏਹੀ ਨੀ ਮੰਨਦੀ ਮੈਂ ਤਾਂ ਹੁਣ ਨੂੰ ਕਦੋਂ ਦਾ ਚਕਾ ਦਿੰਦਾ।

**ਜਸਵੰਤ ਕੌਰ :**

ਲੈ ਐਵੇਂ ਚਕਾ ਦਿੰਦਾ। ਸਾਰੀ ਉਮਰ ਦੀ ਰੱਖੀ ਰਖਾਈ ਹੁਣੇ ਆ ਕੇ ਲਾਹੁਣੀ ਐ? (ਕਿਰਪਾਲ ਸਿੰਘ ਵਲ ਮੂੰਹ ਕਰਕੇ) ਇਨ੍ਹਾਂ ਦਾ ਕਿਹੜਾ ਜੀ ਕਰਦਾ ਅੰਦਰੋ, ਜਿਦੇਂ ਕਦੇ ਇਹੋ ਜੀ ਕੋਈ ਗੱਲ ਹੋ ਜਾਂਦੀ ਐ ਇਹ ਪੱਗ ਲੌਣ ਨੂੰ ਕਾਹਲੇ ਪੈ ਜਾਂਦੇ ਐ।

**ਕਿਰਪਾਲ ਸਿੰਘ :**

ਨਾ......ਨਾ......ਬਈ......

[ਉਸ ਦੀ ਗੱਲ ਵਿਚੋਂ ਟੁੱਕੀ ਜਾਂਦੀ ਐ]

**ਹਰਨਾਮ ਸਿੰਘ :**

ਉਇ ਫੇਰ ਇੱਜ਼ਤ ਐ ਬੰਦੇ ਦੀ ਕੋਈ? ਉਥੇ ਪੱਗ ਬੰਨ੍ਹ ਕੇ ਦਾਹੜੀ ਮੁਛਾਂ ਚੋਪੜ ਕੇ ਬੰਦਾ ਬਾਹਰ ਨਿਕਲਦੈ, ਨਸ਼ਾ ਆ ਜਾਦੈਂ ਕੇਰਾਂ ਏਥੇ ਪੱਗ ਬੰਨ੍ਹੋ...ਬਾਹਰ ਨੀਵੀਂ ਪਾ ਕੇ ਤੁਰੋ, ਜਿਵੇਂ ਚੋਰੀ ਕੀਤੀ ਹੁੰਦੀ ਕਿਸੇ ਸਾਲੇ ਦੀ।

**ਕਿਰਪਾਲ ਸਿੰਘ :**

ਗੱਲ ਤਾਂ ਤੇਰੀ ਸੋਲ੍ਹਾਂ ਆਨੇ ਠੀਕ ਐ। ਪੱਗ ਦੀ ਏਥੇ ਕਦਰ ਕੋਈ ਨੀ ਪਰ ਆਪਾਂ ਤਾਂ ਇਹ ਜਾਣਦੇ ਐਂ ਇਨਸਾਨ ਨੂੰ ਤਕਲੀਫਾਂ ਵਿੱਚ ਆਵਦੇ ਧਰਮ ਤੋਂ ਨੀ ਡੋਲਣਾ ਚਾਹੀਦਾ।

**ਜਸਵੰਤ ਕੌਰ :**

ਐਥੇ ਤਾਂ ਲੋਕੀ ਪੱਗ ਨੂੰ ਵੇਖ ਕੇ ਊਂ ਈ ਸੜ ਜਾਂਦੇ ਐ।

**ਕਿਰਪਾਲ ਸਿੰਘ :**

ਪੱਗ ਗੋਰਿਆਂ ਨੂੰ ਨਹੀਂ ਚੰਗੀ ਲੱਗਦੀ ਨਾ ਸਹੀ, ਸਾਡੀ ਤਾਂ ਸ਼ਾਨ ਐ— ਪੰਜਾਬ 'ਚ ਸਾਰੀ ਉਮਰ ਬੰਨਦੇ ਰਹੇ ਆਂ...ਐਥੇ ਵੀ ਬੰਨ੍ਹਾਂਗੇ।

**ਹਰਨਾਮ ਸਿੰਘ :**

[ਖਿਝ ਕੇ]



ਠੀਕ ਐ...ਫੇਰ ਬੰਦਾ ਡਿੱਗੇ ਕਿਹੜੇ ਖੂਹ 'ਚ

**ਕਿਰਪਾਲ ਸਿੰਘ :**

ਉਇ, ਕੇਸ ਕਟਾ ਕੇ ਐਵੇਂ ਕਮਲ ਨਾ ਮਾਰੀਂ। ਐਹੋ ਜੇ ਟੈਮ ਤਾਂ ਬੰਦੇ ਤੇ ਆਉਂਦੇ ਈ ਰਹਿੰਦੇ ਐ। ਪਿਛੋਂ ਪਛਤਾਏਂਗਾ ਦੁਨੀਆ ਅੱਡ ਹੱਸੂ।

**ਹਰਨਾਮ ਸਿੰਘ :**

ਹੁਣ ਕਿਹੜਾ ਦੁਨੀਆਂ ਹਸਦੀ ਨੀ। ਕੋਈ ਸਾਲਾ ਰਾਹ ਜਾਂਦਾ ਹੋਕਰਾ ਜਿਹਾ ਮਾਰਜੂ—ਕੋਈ ਊਂ ਈ ਵੇਖ ਕੇ ਔਖਾ ਜਿਹਾ ਹੋ ਜੂ ਜਿਵੇਂ ਮੰਗਤੇ ਹੁੰਨੇ ਆਂ—ਕਿਸਮਤ ਸਾਲੀ ਨੇ ਵੀ ਕਿਥੇ ਲਿਆ ਕੇ ਸਿੱਟੇ ਐਂ ਬਾਂਦਰ ਜਾਤ 'ਚ।

**ਕਿਰਪਾਲ ਸਿੰਘ :**

ਕੋਈ ਨੀ ਬਾਹਲਾ ਨੀ ਡੋਲੀ ਦਾ ਹੁੰਦਾ, ਬੰਦੇ ਨੂੰ ਉੱਪਰ ਵਾਹਿਗੁਰੂ ਦਾ ਆਸਰਾ ਹੋਵੇ ਤਾਂ ਕੋਈ ਕਿਸੇ ਦਾ ਕੱਖ ਨੀ ਵਗਾੜ ਸਕਦਾ।

**ਜਸਵੰਤ ਕੌਰ :**

(ਲਟਕਵੀਂ ਸੁਰ 'ਚ) ਠੀਕ ਐ......

**ਕਿਰਪਾਲ ਸਿੰਘ :**

ਬੰਦਾ ਆਵਦਾ ਧਰਮ ਨਾ ਛਡੇ ਭਾਵੇਂ ਜਾਨ ਜਾਂਦੀ ਰਵ੍ਹੇ। ਇਹੋ ਜਿਹੇ ਛੋਕਰ ਵਾਧੇ ਨੇ ਆਪਣਾ ਕੀ ਵਗਾੜ ਲੈਣੇ।

[ਬਾਹਰੋਂ ਫੇਰ ਘੰਟੀ ਹੁੰਦੀ ਹੈ, ਜਸਵੰਤ ਕੌਰ ਬੂਹਾ ਖੋਲ੍ਹਦੀ ਹੈ ਤੇ ਆਪ ਕਿਚਨ ਵਿਚ ਚਲੀ ਜਾਂਦੀ ਹੈ। ਹਰਨਾਮ ਸਿੰਘ ਦਾ ਵੱਡਾ ਮੁੰਡਾ ਗੁਰਦੀਪ ਦਾਖਲ ਹੁੰਦਾ ਹੈ – ਕਲੀਨ ਸ਼ੇਵਡ ਹੈ]

**ਗੁਰਦੀਪ :**

ਹੈਲੋ! ਸੁਣਾਓ ਮਾਸਟਰ ਜੀ ਕੀ ਹਾਲ ਚਾਲ ਐ ਬੜੇ ਦਿਨਾਂ ਪਿਛੋਂ ਚੱਕਰ ਮਾਰਿਆ ਅੱਜ ਤਾਂ।

**ਕਿਰਪਾਲ ਸਿੰਘ :**

ਠੀਕ ਐ ਗੁਰਦੀਪ ਸਿਹਾਂ ਤੂੰ ਸੁਣਾ ਕੀ ਹਾਲ ਚਾਲ ਹੈ? ਆਹ ਵੇਖ

ਲਾ ਤੇਰੇ ਡੈਡੀ ਨੂੰ ਫੇਰ ਘੇਰ ਲਿਆ ਅੱਜ ਗੋਰਿਆਂ ਨੇ, ਐਡੀ ਭੈੜੀ ਕੌਮ ਐ।

**ਗੁਰਦੀਪ** :

(ਚਿਹਰੇ ਦਾ ਹਾਵ ਭਾਵ ਇਕ ਦਮ ਬਦਲ ਜਾਂਦਾ ਹੈ) ਕਿਥੇ ? ਕਦੋਂ ਕੁ ਦੀ ਗੱਲ ਐ ?

**ਕਿਰਪਾਲ ਸਿੰਘ** :

ਮੈਂ ਵੀ ਹੁਣੇ ਆਇਆਂ ਤੇਰੇ ਅੱਗੇ ਅੱਗੇ ਬੱਸ ਆਹੀ ਕੋਈ ਵੀਹ ਕੁ ਮਿੰਟਾਂ ਦੀ ਗੱਲ ਐ।

**ਗੁਰਦੀਪ** :

(ਹਰਨਾਮ ਸਿੰਘ ਨੂੰ) ਡੈਡੀ, ਸੱਟ ਫੇਟ ਤਾਂ ਨੀ ਮਾਰਗੇ ਕੋਈ, ਗਏ ਕਿਧਰ ਨੂੰ ਐ ਬਾਸਟਰਡ ?

**ਹਰਨਾਮ ਸਿੰਘ** :

(ਉਸੇ ਤਰ੍ਹਾਂ ਖਿੱਝ ਵਿਚ) ਮੈਨੂੰ ਹੁਣ ਕੀ ਪਤਾ ਐ ਕਿੱਧਰ ਨੂੰ ਗਏ ਐ ਕੁੱਤੇ ਦੇ ਪੁੱਤ, ਇਹੋ ਜਿਆਂ ਦਾ ਕੋਈ ਥਾਂ ਟਕਾਣਾ ਹੁੰਦਾ ਐ ?

[ਜਸਵੰਤ ਕੌਰ ਦਾਖਲ ਹੁੰਦੀ ਹੈ]

**ਕਿਰਪਾਲ ਸਿੰਘ** :

ਇਹ ਤਾਂ ਤੱਤੇ ਘਾ ਦੀ ਗੱਲ ਹੁੰਦੀ ਐ ਜੇ ਦਾਅ ਲੱਗ ਜੇ ਤਾਂ।

**ਗੁਰਦੀਪ** :

ਤਾਂ ਵੀ ਗਏ ਕਿਧਰ ਨੂੰ ਐ,ਆਈ 'ਲ ਕਿੱਲ ਦ੍ਹੈਮ...ਦੀਜ਼ ਡਰਟੀ ਪੰਕਸ।

[ਕਾਹਲੀ ਕਾਹਲੀ ਸਟੇਜ ਤੇ ਤੁਰਦਾ ਹੈ ਜਿਵੇਂ ਬਾਹਰ ਨੂੰ ਜਾਣ ਲੱਗਾ ਹੋਵੇ]

**ਜਸਵੰਤ ਕੌਰ** :

(ਗੁਰਦੀਪ ਨੂੰ ਬਾਂਹ ਤੋਂ ਫੜ ਕੇ ਰੋਕਦੀ ਹੈ) ਤੂੰ ਨ ਐਵੇਂ ਮਗਰ ਭੱਜ ਜੀਂ ਹੁਣ ਓਹਨਾਂ ਕੁੱਤਿਆਂ ਦੇ–ਕੀ ਪਤੈ ਕਤ੍ਹੀੜ ਦਾ ਐਵੇਂ ਜਣਾ ਖਣਾ ਚਾਕੂ ਛੁਰੀਆਂ ਪਾਈ ਫਿਰਦੈ ਜੇਬਾਂ ਵਿਚ।



[ਗੁਰਦੀਪ, ਕੋਲ ਪਏ ਫੋਨ ਨੂੰ ਕਾਹਲੀ ਕਾਹਲੀ ਘੁਮਾਉਂਦਾ ਹੈ। ਅਗੋਂ ਬਿਜ਼ੀ ਦੀ ਟੋਨ ਆਉਂਦੀ ਹੈ। ਫੋਨ ਠਾਹ ਕਰਕੇ ਰੱਖ ਦਿੰਦਾ ਹੈ]

**ਗੁਰਦੀਪ** :

(ਦੂਜਾ ਨੰਬਰ ਘੁਮਾਉਂਦਾ ਹੋਇਆ) ਪਤਾ ਨੀ ਕਿਧਰ ਮਰਗੇ ਅੱਜ ਸਾਰੇ ਈ।

**ਜਸਵੰਤ ਕੌਰ** :

ਤੂੰ ਹੁਣ ਕਿਧਰ ਨੂੰ ਫੋਨ ਮਾਰੀ ਜਾਨਾ ਐਂਵੇਂ, ਜੋ ਹੋਣਾ ਸੀ ਹੋ ਗਿਆ, ਹੁਣ ਕਲਪੇ ਤੋ ਕੀ ਬਣਦੈ।

**ਗੁਰਦੀਪ** :

(ਫੋਨ ਰਖਦਾ ਹੋਇਆ) ਡੈਡੀ ਨੂੰ ਐਨੀ ਵਾਰ ਕਿਹਾ ਵੇਲੇ ਕੁਵੇਲੇ ਬਾਹਰ ਜਾਣ ਲੱਗਾ ਖਿਆਲ ਨਾਲ ਜਾਇਆ ਕਰ, ਬੱਸ ਗੱਲ ਈ ਨੀ ਗੌਲਦੇ, ਬਹਿ ਜੋ ਹੁਣ ਘਰੇ ਗਾਲ੍ਹਾਂ ਖਾ ਕੇ।

**ਹਰਨਾਮ ਸਿੰਘ** :

ਓ ਤੇਰੇ ਖਿਆਲ 'ਚ ਹੁਣ ਮੈਂ ਦਨਾਲੀ ਪਾ ਕੇ ਨਿਕਲਿਆ ਕਰਾਂ ਬਾਹਰ ? ਲੱਗੈ ਹੁਣ ਤੜਫਨ।

**ਗੁਰਦੀਪ** :

ਮੈਂ ਤਾਂ ਕਹਿਨਾ ਅੱਜ ਉਹਨਾਂ ਨੇ ਬਾਹਰ ਇਨਸਲਟ ਕੀਤੀ ਐ ਕਲ੍ਹ ਨੂੰ ਘਰ ਮੂਹਰੇ ਖੜ੍ਹ ਕੇ ਵੀ ਗਾਲ੍ਹਾਂ ਕੱਢ੍ਹ ਸਕਦੇ ਐ।... ਆਈ ਕਾਂਟ ਟਾਲਰੇਟ ਦੀਜ਼ ਬਲੱਡੀ ਬੱਮਜ਼।

**ਜਸਵੰਤ ਕੌਰ** :

ਫੇਰ ਤੁਸੀਂ ਹੁਣ ਆਪੋ ਵਿਚ ਦੀ ਕਾਹਤੋਂ ਗਰਮ ਹੋਈ ਜਾਨੇ ਐਂ, ਜੋ ਹੋਣਾ ਸੀ ਹੋ ਗਿਆ।

**ਕਿਰਪਾਲ ਸਿੰਘ** :

ਠੀਕ ਐ, ਹੁਣ ਅੱਗੇ ਤੋਂ ਆਵਦਾ ਸੰਭਲ ਕੇ ਰਹੋ ਉਦੋਂ ਈ ਪੁਲੀਸ ਨੂੰ

ਫੋਨ ਮਾਰ ਦਿਓ ।

**ਗੁਰਦੀਪ** :

ਪੁਲੀਸ ਨੂੰ ਫੋਨ ਮਾਰਨ ਦਾ ਕੀ ਫ਼ਾਇਦਾ ਜਦੋਂ ਉਹਨਾਂ ਨੇ ਟਾਈਮ ਤੇ ਆਉਣਾ ਈ ਨਹੀਂ ।

**ਕਿਰਪਾਲ ਸਿੰਘ** :

ਚਲੋ ਫੇਰ ਹੁਣ ਘਾਬਰੇ ਤੋ ਕੀ ਬਣਦੈ, ਅਗੋਂ ਦੀ ਗੱਲ ਕਰੋ । ਹਰਨਾਮ ਸਿਹੁੰ ਤਾਂ ਹੋਰ ਈ ਸੋਚੀ ਜਾਂਦੈ । ਤੇਰੇ ਆਉਣ ਤੋਂ ਪਹਿਲਾਂ ਕਹਿੰਦਾ ਹਟਿਐ ਪੱਗ ਲਾਹ ਦੇਣੀ ਐ, ਕੇਸ ਕਟਾ ਦੇਣੇ ਐਂ, ਮੈਂ ਕਹਿਨਾ ਬੰਦੇ ਨੂੰ ਐਡੀ ਛੇਤੀ ਦਿਲ ਨੀ ਛੱਡਣਾ ਚਾਹੀਦਾ । ਐਵੇਂ ਮਸ਼ਟੰਡਿਆਂ ਪਿੱਛੇ ਆਵਦੀ ਸਿੱਖੀ ਗੁਆਉ, ਧਰਮ ਛੱਡੋ ।

**ਹਰਨਾਮ ਸਿੰਘ** :

ਤੂੰ ਤਾਂ ਕਿਰਪਾਲ ਸਿਹਾਂ ਪੱਗ ਦੇ ਪਿਛੇ ਪਿਐਂ, ਹੋਰ ਦੁਨੀਆਂ ਦੇ ਤੌਰ ਤਰੀਕੇ ਕੁਝ਼ ਨੀ ਵੇਂਹਦਾ ।

**ਕਿਰਪਾਲ ਸਿੰਘ** :

ਪੱਗ ਨ ਹੋਵੇ ਸਿਰ ਤੇ ਫੇਰ ਕਿਹੜਾ ਇਹ ਸਾਨੂੰ ਆਵਦੇ ਜੁਆਈ ਬਣਾ ਲੈਣਗੇ । ਜਦੋਂ ਵਾਹਿਗੁਰੂ ਨੇ ਇਹਨਾਂ ਨੂੰ ਮੱਤ ਈ ਇਹੋ ਜਿਹੀ ਦਿੱਤੀ ਐ ਫੇਰ ਬੰਦਾ ਕਰ ਈ ਕੀ ਸਕਦੈ ?

**ਗੁਰਦੀਪ** :

ਸੁਆਲ ਧਰਮ ਦਾ ਨੀ ਸੁਆਲ ਤਾਂ ਇਸ ਗੱਲ ਦਾ ਐ ਬਈ ਜੇ ਬੰਦੇ ਨੂੰ ਪੱਗ ਚੰਗੀ ਲੱਗਦੀ ਐ ਤਾਂ ਉਹ ਕਿਉਂ ਨ ਬੰਨ੍ਹੇ ?

**ਕਿਰਪਾਲ ਸਿੰਘ** :

ਸੁਆਲ ਧਰਮ ਦਾ ਕਿਉਂ ਨੀ ? ਦੀਨ ਈਮਾਨ ਬੰਦੇ ਦਾ ਕੁੱਝ਼ ਨੀ ਹੁੰਦਾ?

**ਗੁਰਦੀਪ** :

ਦੀਨ ਈਮਾਨ ਮਾਸਟਰ ਜੀ ਪੱਗ ਤੋਂ ਬਿਨਾ ਕਿਹੜਾ ਰਹਿ ਨੀ ਸਕਦਾ ।



[ਬਾਹਰੋਂ ਘੰਟੀ ਹੁੰਦੀ ਹੈ ਜਸਵੰਤ ਕੌਰ ਬੂਹਾ ਖੋਲ੍ਹਦੀ ਹੈ । ਆਉਣ ਵਾਲਾ ਲਿਵਿੰਗ ਰੂਮ ਵਿਚ ਆਉਣ ਤੋਂ ਪਹਿਲਾਂ ਈ ਬੂਹੇ ਵਿਚ ਜਸਵੰਤ ਕੌਰ ਨਾਲ ਦੋ ਚਾਰ ਗੱਲਾਂ ਕਰਦਾ ਹੈ । ਕਿਰਪਾਲ ਸਿੰਘ ਤੇ ਗੁਰਦੀਪ ਦਾ ਧਿਆਨ ਉਧਰ ਹੋ ਜਾਦਾ ਹੈ]

**ਕਿਰਪਾਲ ਸਿੰਘ** :

(ਹਰਨਾਮ ਸਿੰਘ ਵੱਲ ਵੇਖਕੇ) ਆਹ ਤਾਂ ਤੇਰਾ ਕਜ਼ਨ ਲਗਦੈ,ਬਲਵੰਤ।

**ਗੁਰਦੀਪ** :

ਹਾਂ, ਅੰਕਲ ਈ ਐ ।

[ਬਲਵੰਤ ਅੰਦਰ ਆਉਂਦਾ ਹੈ – ਕਲੀਨ ਸ਼ੇਵਡ ਹੈ । ਗੁਰਦੀਪ ਤੇ ਕਿਰਪਾਲ ਸਿੰਘ ਨਾਲ ਹੱਥ ਮਿਲਾਉਂਦਾ ਹੈ । ਹਰਨਾਮ ਸਿੰਘ ਉਸੇ ਤਰ੍ਹਾਂ ਚੁੱਪ ਚਾਪ ਬੈਠਾ ਰਹਿੰਦਾ ਹੈ । ਜਸਵੰਤ ਕੌਰ ਵੀ ਮਗਰੇ ਆ ਕੇ ਬੈਠ ਜਾਂਦੀ ਹੈ]

**ਬਲਵੰਤ** :

(ਹਰਨਾਮ ਸਿੰਘ ਵੱਲ ਮੂੰਹ ਕਰਕੇ) ਸੱਟ ਫੇਟ ਬਹੁਤੀ ਤਾਂ ਨੀ ਮਾਰਗੇ ? ਗੱਲ ਕਿਵੇਂ ਛਿੜ ਪੀ ?

**ਹਰਨਾਮ ਸਿੰਘ** :

(ਖਿਝ ਕੇ) ਓਇ ਗੱਲ ਕਾਹਦੀ ਛਿੜਨੀ ਸੀ–ਇਕ ਚੰਮ ਕਾਲਾ ਐ ਦੂਜੀ ਪੱਗ ਬੰਨੀ ਐ, ਹੋਰ ਅਸੀਂ ਕਿਹੜਾ ਏਹਨਾਂ ਦੀ...ਹੋਰ ਮੇਰੇ ਮੂੰਹੋਂ ਗਾਲ ਨਿਕਲਦੀ ਐ । ਏਹਨਾਂ ਨੂੰ ਕੋਈ ਬਹਾਨਾ ਈ ਚਾਹੀਦੈ ਕੰਜਰਾਂ ਨੂੰ – ਕਿਹੜਾ ਪਹਿਲੀ ਵਾਰ ਹੋਈ ਐ ।

**ਗੁਰਦੀਪ** :

ਜਿਵੇਂ ਜਿਵੇਂ ਦੇਸ ਦੀ ਹਾਲਤ ਖਰਾਬ ਹੋਈ ਜਾਂਦੀ ਐ ਲੋਕਾਂ ਦਾ ਦਿਮਾਗ ਖਰਾਬ ਹੋਈ ਜਾਂਦੈ । ਅਨ-ਇਮਪਲਾਇਮੈਂਟ ਦਾ ਕਸੂਰ ਸਾਡੇ ਸਿਰ ਕਢਦੇ ਐ ।

**ਜਸਵੰਤ ਕੌਰ** :

ਅਖੇ ਡਿੱਗੀ ਖੋਤੇ ਤੋਂ ਗੁੱਸਾ ਘੁਮਿਆਰ ਤੇ ।

**ਬਲਵੰਤ** :

ਬਹੁਤ ਭੈੜੀ ਗੱਲ ਹੋਈ ਆਹ ਤਾਂ–

**ਕਿਰਪਾਲ ਸਿੰਘ** :

ਹਾਲ ਵੇਖ ਤੂੰ ਦਿਨੋ ਦਿਨ ਹੋਈ ਕੀ ਜਾਂਦੈ ਏਥੇ।

**ਬਲਵੰਤ** :

ਏਹ ਛੋਕਰਵਾਧੇ ਦਾ ਦਿਮਾਗ ਟਕਾਣੇ ਲਿਆਉਣ ਵਾਲਾ ਐ।

**ਜਸਵੰਤ ਕੌਰ** :

ਸਾਡਾ ਤਾਂ ਭਾਈ ਦਿਲ ਸੜਿਆ ਪਿਐ ਏਥੋਂ, ਜੇ ਐਂ ਪਤਾ ਹੁੰਦਾ ਅਸੀਂ ਕੀ ਏਥੇ ਧੱਕੇ ਖਾਣ ਔਣੇ ਸੀ ਗੋਰਿਆਂ ਦੇ ਮੁਲਕ।

**ਬਲਵੰਤ** :

ਓਇ ਇਉਂ ਗੋਰੇ ਸਾਰੇ ਇਕੋ ਜੇ ਤਾਂ ਨੀ ਹੁੰਦੇ–

**ਜਸਵੰਤ ਕੌਰ** :

ਅਸੀਂ ਤਾ ਭਾਈ ਬਹੁਤ ਦੁਖੀ ਕੀਤੇ ਐਂ ਏਸ ਬਾਂਦਰਾਂ ਦੀ ਅਲਾਦ ਨੇ।

**ਬਲਵੰਤ** :

ਐਂ ਤਾਂ ਬਾਕੀ ਵੀ ਏਥੇ ਤੁਰੇ ਈ ਫਿਰਦੇ ਐ, ਸਾਰੇ ਤਾਂ ਨੀ ਐਨੇ ਔਖੇ। ਗੱਲ ਤਾਂ ਇਹ ਐ ਬਈ ਜਿਥੇ ਬੰਦਾ ਰਵ੍ਹੇ ਉਥੋਂ ਵਰਗਾ ਈ ਹੋ ਕੇ ਰਹੇ।

**ਕਿਰਪਾਲ ਸਿੰਘ** :

ਕੀ ਮਤਲਬ ?

**ਬਲਵੰਤ** :

ਤੁਸੀਂ ਹੁਣ ਮੰਨਦੇ ਨੀ ਅਸੀਂ ਵੀ ਏਧਰ ਆ ਕੇ ਪੱਗਾਂ ਲਾਹ ਈ ਦਿੱਤੀਆਂ।

**ਕਿਰਪਾਲ ਸਿੰਘ** :

ਨਾ ਮੈਂ ਤਾਂ ਨੀ ਇਹ ਗੱਲ ਮੰਨਦਾ ਬੰਦੇ ਦਾ ਧਰਮ ਪਹਿਲਾਂ ਬਾਕੀ ਸਭ ਕੁਸ਼ ਪਿਛੋਂ। ਅੱਗੇ ਗਰਦੀਪ ਨਾਲ ਵੀ ਇਹੋ ਗੱਲ ਹੁੰਦੀ ਹਟੀ ਐ–



ਜੇ ਬੰਦੇ ਨੇ ਧਰਮ ਈ ਛੱਡ ਤਾ, ਤਾਂ ਫੇਰ ਬਾਕੀ ਰਹਿ ਕੀ ਗਿਆ ?

**ਬਲਵੰਤ** :

ਠੀਕ ਐ, ਮਾਸਟਰ ਜੀ ਧਰਮ ਆਪਣੀ ਥਾਂ ਤੇ ਠੀਕ ਐ, ਸਮੇਂ ਦਾ ਰੰਗ ਆਪਣੀ ਥਾਂ ਤੇ ਠੀਕ ਐ। ਨਾਲੇ ਪੱਗ ਤੋਂ ਬਿਨਾਂ ਕਿਹੜਾ ਸਾਰੇ ਮਲੇਸ਼ ਈ ਫਿਰਦੇ ਐ।

**ਕਿਰਪਾਲ ਸਿੰਘ** :

(ਉੱਠਦਾ ਹੋਇਆ) ਚਲੋ ਆਪਣਾ ਆਪਣਾ ਖਿਆਲ ਐ – ਆਪਾਂ ਤਾਂ ਪੱਗ ਲਾਹੁਣ ਦੇ ਹੱਕ 'ਚ ਨੀ ਅੱਗੇ ਹਰਨਾਮ ਸਿਹੁੰ ਦੀ ਮਰਜੀ।

**ਗੁਰਦੀਪ** :

ਤੁਸੀਂ ਉੱਠ ਖੜੇ, ਚਾਹ ਤਾਂ ਪੀ ਕੇ ਜਾਇਓ ?

**ਜਸਵੰਤ ਕੌਰ** :

ਚਾਹ ਤਾਂ ਬੱਸ ਸਮਝੋ ਬਣੀ ਪਈ ਐ, ਤੁਸੀਂ ਬੈਠੋ ਦੋ ਮਿੰਟ।

**ਕਿਰਪਾਲ ਸਿੰਘ** :

ਨਾ ਨਾ...ਚਾਹ ਤਾਂ ਮੈਂ ਹੁਣੇ ਈ ਪੀ ਕੇ ਆਇਆ ਸੀ, ਆਪਾਂ ਨੂੰ ਏਥੇ ਕੇਹੜਾ ਕੋਈ ਸੰਗ ਐ, ਘਰ ਵਾਲੀ ਗੱਲ ਐ।

**ਹਰਨਾਮ ਸਿੰਘ** :

ਬਹਿ ਜਾ ਹੁਣ ਦੋ ਮਿੰਟ ਹੋਰ।

**ਕਿਰਪਾਲ ਸਿੰਘ** :

ਨਹੀਂ ਮਖ ਜੇ ਲੋੜ ਹੁੰਦੀ ਤਾਂ ਆਪਾਂ ਨੂੰ ਕਿਹੜਾ ਸੰਗ ਸੀ ਕੋਈ।

[ਕਿਰਪਾਲ ਸਿੰਘ ਜਾਂਦਾ ਹੈ]

**ਹਰਨਾਮ ਸਿੰਘ** :

ਮੈਨੂੰ ਤਾਂ ਸਮਝ ਨੀ ਆਉਂਦੀ ਕੀ ਕਰਾਂ, ਕਦੇ ਕਦੇ ਤਾਂ ਫੀਲ ਐਨਾ ਬੈਡ ਹੁੰਦੈ ਬਈ ਜੀ ਕਰਦੈ ਸਭ ਕੁਸ਼ ਚਕਾ ਦਿਆਂ। ਫੇਰ ਸੋਚੀਦੈ ਸਾਰੀ ਉਮਰ ਦੀ ਰੱਖੀ ਰੱਖੀ ਹੁਣ ਕਾਹਦੇ ਪਿਛੇ...ਖਵਰਾ ਕਲ੍ਹ ਨੂੰ ਦੇਸ ਈ ਮੁੜਜੀਏ।

**ਬਲਵੰਤ** :

ਇੰਡੀਆ ਤਾਂ ਹੁਣ ਕਾਹਦਾ ਮੁੜਨਾ ਐ ਗੱਲ ਕਰੋ ਤੁਸੀਂ ਐਥੇ ਸੈਟਲ

ਹੋਣ ਦੀ।

**ਹਰਨਾਮ ਸਿੰਘ** :

ਆਪਣੇ ਦੇਸ ਆਂਙੂ ਤਾਂ ਐਥੇ ਕੀਹਨੇ ਟਿਕਣ ਦੇਣਾ ਐ ਸਾਨੂੰ—

**ਬਲਵੰਤ** :

ਤੇ ਉਥੇ ਕਿਹੜਾ ਸਾਨੂੰ ਗਵਰਨਰ ਲਾ ਦੇਣਗੇ ਜਾਂਦਿਆਂ ਨੂੰ—

**ਜਸਵੰਤ ਕੌਰ** :

ਚਲੋ ਦੇਸ ਤਾਂ ਆਵਦਾ ਹੋਊਗਾ ਨਾ।

**ਬਲਵੰਤ** :

ਠੀਕ ਐ, ਆਹ ਦੇਸ ਬਗਾਨਾ ਈ ਸਹੀ ਪਰ ਰੋਟੀ ਦੀ ਚਿੰਤਾ ਤਾਂ ਨਾ ਰਹਿੰਦੀ ਐਥੇ—

**ਗੁਰਦੀਪ** :

ਪਰ ਨਿਗੀ ਰੋਟੀ ਆਸਰੇ ਤਾਂ ਨਹੀਂ ਨ ਬੰਦਾ ਰਹਿ ਸਕਦਾ, ਲਾਈਫ ਵਿਚ ਹੋਰ ਵੀ ਬਹੁਤ ਕੁਝ ਚਾਹੀਦੈ। ਵੂਈ ਮੱਸਟ ਬੀਲਾਂਗ ਹੇਅਰ।

**ਬਲਵੰਤ** :

ਓ ਠੀਕ ਐ, ਫਿਰ ਜੈਸਾ ਦੇਸ ਤੈਸਾ ਭੇਸ, ਸਿੱਧੀ ਗੱਲ ਐ।

**ਗੁਰਦੀਪ** :

ਸਿੱਧੀ ਗੱਲ ਕਿਵੇਂ ?

**ਬਲਵੰਤ** :

ਜੇ ਗੋਰੇ ਪੱਗ ਨੂੰ ਲੈਕੀ ਨਹੀਂ, ਤੁਸੀਂ ਜ਼ਰੂਰ ਏਥੇ ਟਸਰੀਆਂ ਬੰਨ੍ਹ ਕੇ ਫਿਰਨੈਂ ?

**ਗੁਰਦੀਪ** :

ਗੱਲ ਟਸਰੀਆਂ ਬੰਨ੍ਹਣ ਦੀ ਨੀ, ਗੱਲ ਤਾਂ ਇਹ ਐ ਜਿਥੇ ਬੰਦਾ ਰਹੇ ਇੱਜ਼ਤ ਨਾਲ ਰਹੇ। ਪਹਿਲਾਂ ਮਾਸਟਰ ਜੀ ਨੂੰ ਵੀ ਮੈਂ ਇਹੋ ਕਿਹਾ ਸੀ, ਜੇ ਪੱਗ ਡੈਡੀ ਨੂੰ ਚੰਗੀ ਲਗਦੀ ਐ ਤਾਂ ਉਹ ਕਿਉਂ ਨ ਬੰਨ੍ਹੇ ?

**ਬਲਵੰਤ** :

ਮੌਕੇ ਮੌਕੇ ਸਭ ਕੁਸ਼ ਵੇਖਣਾ ਪੈਂਦੈ—



**ਗੁਰਦੀਪ** :

ਯੂ ਮੀਨ, ਜੇ ਐਥੇ ਕੁਝ ਛੋਕਰੇ ਕਰੈਂਕ ਐ ਤਾਂ ਉਹਨਾਂ ਤੋਂ ਡਰ ਕੇ ਪੱਗ ਲਾਹ ਦਿਉ ?

**ਬਲਵੰਤ** :

ਤੇ, ਤੂੰ ਕਿਉਂ ਲਾਹੀ ਫਿਰਦੈਂ ?

**ਗੁਰਦੀਪ** :

ਮੈਂ ਤਾਂ ਇੰਡੀਆ ਵੀ ਲਾਹੀ ਹੋਈ ਸੀ, ਐਥੇ ਪੱਗ ਰੱਖਣ ਜਾਂ ਨ ਰੱਖਣ ਦਾ ਮੇਰੇ ਲਈ ਕੋਈ ਫਰਕ ਨੀ।

**ਬਲਵੰਤ** :

ਫੇਰ ਰੌਲਾ ਕੇਹੜੀ ਗੱਲ ਦਾ ਐ ?

**ਗੁਰਦੀਪ** :

ਰੌਲਾ ਕਾਹਦੈ, ਪੱਗ ਡੈਡੀ ਦੀ ਸ਼ਖਸੀਅਤ ਦਾ ਹਿੱਸਾ ਬਣ ਚੁੱਕੀ ਐ ਉਹ ਨਹੀਂ ਲਾਹੁਣਾ ਚਾਹੁੰਦੇ ਤੇ ਮੈਂ ਉਨ੍ਹਾਂ ਨਾਲ ਪੂਰਾ ਸਹਿਮਤ ਹਾਂ।

**ਬਲਵੰਤ** :

ਤੇਰੇ ਹਸਾਬ ਨਾਲ ਪੱਗ ਰੱਖਣ ਤੇ ਨਾ ਰੱਖਣ ਦਾ ਏਥੇ ਕੋਈ ਫ਼ਰਕ ਨੀ ਪੈਂਦਾ ?

**ਗੁਰਦੀਪ** :

ਮੈਂ ਕਦੋਂ ਕਹਿਨਾ ਨਹੀਂ ਪੈਂਦਾ। ਨੌਕਰੀਆਂ ਵਿੱਚ ਵੀ ਪੈਂਦੇ ਤੇ ਊਂ ਵੀ ਜੋ ਕੁਝ ਅੱਜ ਡੈਡੀ ਨਾਲ ਹੋਇਆ ਆਪਣੇ ਸਾਹਮਣੇ ਈ ਐ। ਫੇਰ ਵੀ—

**ਬਲਵੰਤ** :

(ਗੁਰਦੀਪ ਦੀ ਗੱਲ ਵਿਚਾਲੇ ਟੁੱਕਦਾ ਹੋਇਆ) ਪੱਗ ਰੱਖਣ ਦਾ ਊਂ ਫੈਦਾ ਕੀ ਐ ?

**ਗੁਰਦੀਪ** :

ਪੱਗ ਦਾ ਤਾਂ ਸ਼ਾਇਦ ਕੋਈ ਫਾਇਦਾ ਹੋਊ ਆਹ ਥੋਡੇ ਗੱਲ 'ਚ ਲੱਗੀ ਟਾਈ ਦਾ ਕੀ ਫਾਇਦਾ ?

**ਬਲਵੰਤ** :

ਟਾਈ ਦਾ ?

**ਗੁਰਦੀਪ** :

ਜੇ ਇਹ ਫਜ਼ੂਲ ਜਿਹੀ ਲੀਰ ਤੁਹਾਡੀ ਡਰੈਸ ਦਾ ਹਿੱਸਾ ਬਣ ਸਕਦੀ ਐ ਤਾਂ ਪੱਗ ਨੀ ਬਣ ਸਕਦੀ ?

**ਬਲਵੰਤ** :

ਟਾਈ ਦੀ ਗੱਲ ਹੋਰ ਐ।

**ਗੁਰਦੀਪ** :

ਗੱਲ ਤਾਂ ਐਨੀ ਈ ਐ ਟਾਈ ਅੰਗਰੇਜ ਨੇ ਲੌਣੀ ਸ਼ੁਰੂ ਕੀਤੀ ਸੀ ਤੇ ਪੱਗ ਅੰਗਰੇਜ ਨੇ ਨਹੀਂ ਕੀਤੀ।

**ਬਲਵੰਤ** :

(ਖਿਝਕੇ) ਉਇ ਐ ਤਾਂ ਪਤਾ ਈ ਐ ਤੁਸੀਂ ਸਾਨੂੰ ਵਾਰੇ ਨਹੀਂ ਆਉਣ ਦੇਣਾ। ਮੀਟਿੰਗਾਂ 'ਚ ਨਿੱਤ ਆਹੀ ਗੱਲਾਂ ਕਰਦੇ ਐ। ਕਦੇ ਜਲਸਾ ਕਰ ਲਿਆ, ਕਦੇ ਜਲੂਸ ਕੱਢ ਲਿਆ—ਅਖੇ ਜੀ ਏਥੇ ਨਸਲਵਾਦ ਐ ਏਥੋਂ ਦੀ ਗੌਰਮਿੰਟ ਮਾੜੀ ਐ...ਯੇ ਐ...ਵੋਹ ਐ...

**ਗੁਰਦੀਪ** :

ਜੇ ਏਥੋਂ ਦੇ ਲੋਕ ਨਿੱਤ ਅਖਬਾਰਾਂ ਵਿਚ ਗੌਰਮਿੰਟ ਨੂੰ ਨਿੰਦ ਸਕਦੇ ਐ ਤਾਂ ਅਸੀਂ ਨੀ ਨਿੰਦ ਸਕਦੇ ? ਸਾਨੂੰ ਵੀ ਉਨਾ ਈ ਹੱਕ ਐ।

**ਬਲਵੰਤ** :

ਏਨ੍ਹਾ 'ਚ ਤੇ ਸਾਡੇ 'ਚ ਬਹੁਤ ਫਰਕ ਐ...ਐਵੇਂ ਤਾਂਹ ਸਮਾਨ 'ਚ ਉੱਡਿਆ ਫਿਰਦਾ ਐਂ।

**ਹਰਨਾਮ ਸਿੰਘ** :

(ਜੋ ਹੁਣ ਤੱਕ ਸਾਰੀਆਂ ਗੱਲਾਂ ਨੂੰ ਬਹੁਤ ਧਿਆਨ ਨਾਲ ਸੁਣਦਾ ਰਿਹਾ ਹੈ) ਫ਼ਰਕ ਤਾਂ ਬੰਤ ਐਨਾ ਈ ਐ — ਏਹਨਾਂ ਦਾ ਚੰਮ ਚਿੱਟਾ ਐ ਆਪਣਾ ਕਾਲਾ; ਆਪਣਾ ਦੇਸ ਗਰੀਬ ਐ ਏਹਨਾ ਕੋਲ ਚਾਰ ਪੈਸੇ ਜਾਦੇ ਐ,



ਬਾਕੀ ਤਾਂ ਐਵੇਂ ਭਕਾਈ ਐ ਸਾਰੀ - ਬੁਲਸ਼ਿਟ (ਬਕਵਾਸ)

**ਬਲਵੰਤ** :

ਓ ਫਿਰ ਐਥੇ ਆਏ ਐ ਤਾਂ ਬੰਦੇ ਨੂੰ ਆਂਵਦਾ ਕੰਮ ਕਰਨਾ ਚਾਹੀਦੈ। ਚਾਰ ਪੈਸੇ ਬਨੌਣੇ ਚਾਹੀਦੇ ਐ, ਆਪਾਂ ਨੂੰ ਕੀ ਜਿਹੋ ਜੀ ਮਰਜੀ ਗੌਰਮਿੰਟ ਬਣੇ — ਨੋ ਡਿਫਨ (ਡਿਫਰੈਂਸ) ਉਹਦੀ ਹਾਂ 'ਚ ਹਾਂ ਮਿਲਾਉ।

**ਗੁਰਦੀਪ** :

ਆਹ ਤਾਂ ਅੰਕਲ ਬੜੇ ਗਰੇਟ ਅਸੂਲ ਬਣਾਏ ਐ ਤੁਸੀਂ।

**ਬਲਵੰਤ** :

ਫੇਰ ਗੌਰਮਿੰਟ ਦੇ ਵਿਰੁੱਧ ਕੱਚ ਕੱਚ ਕਰੇ ਤੋਂ ਆਪਾਂ ਨੂੰ ਕੀ ਮਿਲ ਜੂ ? ਬਾਹਲੇ ਔਖੇ ਹੋਵੋਂਗੇ ਤਾਂ ਡਪੋਟ ਕਰ ਦੇਣਗੇ, ਫੇਰ ਸੌਖੇ ਰਹੋਂਗੇ ?

**ਗੁਰਦੀਪ** :

ਜੇ ਏਥੇ ਕੁੱਤਿਆਂ ਵਾਂਗ ਪੂਛਾਂ ਹਿਲਾ ਕੇ ਈ ਰਹਿਣਾ ਐ ਤਾਂ ਏਦੂੰ ਇੰਡੀਆ ਚੰਗੇ ਆਂ। ਅਸੀਂ ਏਥੇ ਮੰਗਤੇ ਬਣ ਕੇ ਤਾਂ ਨੀ ਆਏ।

**ਬਲਵੰਤ** :

ਮੈਂ ਕਦੋਂ ਕਹਿਨੈ ਮੰਗਤੇ ਬਣ ਕੇ ਆਏ ਆਂ।

**ਗੁਰਦੀਪ** :

ਜੇ ਅਸੀਂ ਬਾਕੀਆਂ ਵਾਂਗ ਲਹੂ ਪਸੀਨਾ ਇਕ ਕਰਦੇ ਹਾਂ ਤਾਂ ਬਾਕੀਆਂ ਵਾਂਗ ਇੱਜ਼ਤ ਨਾਲ ਰਹਿਣਾ ਵੀ ਚਾਹੁੰਦੇ ਹਾਂ —

**ਬਲਵੰਤ** :

ਮੈਂ ਕਦੋਂ ਕਹਿਨਾ ਨ ਰਹੋ।

**ਗੁਰਦੀਪ** :

ਜੇ ਸਾਨੂੰ ਐਥੇ ਕਿਸੇ ਪਾਰਟੀ, ਕਿਸੇ ਗੌਰਮਿੰਟ ਦੀਆਂ ਪਾਲਸੀਆਂ ਚੰਗੀਆਂ ਨਹੀਂ ਲਗਦੀਆਂ ਤਾਂ ਉਨ੍ਹਾਂ ਵਿਰੁੱਧ ਬੋਲਣਾ ਵੀ ਚਾਹੁੰਦੇ ਹਾਂ।

**ਬਲਵੰਤ** :

ਵਰੁੱਧ ਬੋਲੇ ਤੋਂ ਕੀ ਥਿਆ ਜੂ ?

**ਗੁਰਦੀਪ :**

ਇਹ ਇਸ ਦੇਸ਼ ਦੇ ਫਾਇਦੇ ਦੀ ਗੱਲ ਐ, ਸਾਰੇ ਲੋਕਾਂ ਦੇ ਫਾਇਦੇ ਦੀ ਗੱਲ ਐ। ਅਸੀਂ ਇਥੇ ਮਿੱਟੀ ਬਣਕੇ ਨੀ ਰਹਿਣਾ ਚਾਹੁੰਦੇ, ਜਿਊਣਾ ਚਾਹੁੰਦੇ ਹਾਂ।

**ਬਲਵੰਤ :**

(ਵਿਅੰਗ ਨਾਲ) ਹੂੰ, ਇਹ ਚੰਗੀ ਦੇਸ਼ ਭਗਤੀ ਕੱਢੀ ਐ ਤੁਸੀਂ –

**ਜਸਵੰਤ ਕੌਰ :**

(ਚਾਹ ਲਿਔਂਦੀ ਹੋਈ) ਤੁਸੀਂ ਹੁਣ ਕਾਹਤੋਂ ਝਗੜੀ ਜਾਨੇ ਐਂ ਜੋ ਹੋਈ ਸੋ ਹੋਈ...ਲੈ ਚਾਹ ਪੀਓ, ਕਿੰਨਾ ਕਲੇਸ਼ ਖੜ੍ਹਾ ਹੋ ਗਿਆ, ਐਵੇਂ ਪੱਗ ਪਿੱਛੇ।

**ਹਰਨਾਮ ਸਿੰਘ :**

ਪੱਗ ਦੀ ਗੱਲ ਤਾਂ ਕਿਧਰੇ ਰਹਿਗੀ, ਇਹ ਤਾਂ ਹੋਰ ਈ ਪਾਲਟਿਕਸ ਵਿਚ ਸਿੰਗ ਫਸਾਈ ਬੈਠੇ ਐ। ਮੈਨੂੰ ਤਾਂ ਕੋਈ ਰਾਹ ਫੜਾਇਆ ਨੀ ਇਹਨਾਂ ਨੇ।

**ਬਲਵੰਤ :**

ਰਾਹ ਕਾਹਦਾ ਫੜੌਣੈ ਥੋਨੂੰ, ਆਂਵਦੀ ਮੈਂ ਦੱਸ ਤੀ ਐ ਪਹਿਲਾਂ ਵੀ ਕਈ ਵਾਰ ਕਿਹੈ ਅੱਗੇ ਥੋਡੀ ਮਰਜੀ।

**ਜਸਵੰਤ ਕੌਰ :**

ਨ ਭਾਈ, ਪੱਗ ਤਾਂ ਨੀ ਅਸੀਂ ਲਾਹੁਣ ਦੇਣੀ।

**ਬਲਵੰਤ :**

ਓ. ਕੇ, ਫੇਰ ਠੀਕ ਐ ਬਾਹਰ ਨਿਕਲੋ ਤਾਂ ਨੀਵੀਂ ਪਾ ਕੇ ਤੁਰੋ –

[ਹਰਨਾਮ ਸਿੰਘ ਦੇ ਚਿਹਰੇ ਤੇ ਤਣਾਉ ਆ ਜਾਂਦਾ ਹੈ ਤੇ ਉੱਠ ਕੇ ਤੁਰਨ ਫਿਰਨ ਲੱਗ ਜਾਂਦਾ ਹੈ]

**ਗੁਰਦੀਪ :**

ਨੀਵੀਂ ਪਾ ਕੇ ਕਿਓਂ ਤੁਰੋ ਕਿਸੇ ਦੀ ਚੋਰੀ ਕੀਤੀ ਐ ?



**ਬਲਵੰਤ :**

ਤੇਰੇ ਬੰਨ੍ਹੀ ਹੋਵੇ ਤਾਂ ਪਤਾ ਲੱਗੇ।

**ਗੁਰਦੀਪ :**

ਆ ਹੀ ਤਾਂ ਗੱਲ ਮਾੜੀ ਐ, ਜੇ ਪੱਗ ਬੰਨ੍ਹ ਕੇ ਤੁਹਾਨੂੰ ਆਪ ਨੂੰ ਈ ਸੰਗ ਆਉਂਦੀ ਐ ਤਾਂ ਦੂਜੇ ਇਹਦੀ ਇੱਜ਼ਤ ਕਿਉਂ ਕਰਨਗੇ –

**ਬਲਵੰਤ :**

ਜੇ ਸੰਗ ਨਹੀਂ ਆਉਂਦੀ ਫੇਰ ਕੀ ਫਰਕ ਪੈ ਜੂ

**ਗੁਰਦੀਪ :**

ਜੇ ਪੱਗ ਬੰਨ੍ਹ ਕੇ ਤੁਹਾਡਾ ਚਿਹਰਾ ਸ੍ਵੈਮਾਣ ਤੇ ਵਿਸ਼ਵਾਸ ਨਾਲ ਭੱਖਦਾ ਹੈ, ਤਾਂ ਆਈ ਐਮ ਸ਼ੋਅਰ, ਦੂਜੇ ਵੀ ਪੱਗ ਬਾਰੇ ਆਪਣਾ ਐਟੀਚਿਊਡ ਬਦਲ ਲੈਣਗੇ।

**ਹਰਨਾਮ ਸਿੰਘ :**

(ਤਣਾਉ ਵਿਚ ਤੇ ਥੋੜਾ ਜਿਹਾ ਖਿੜ ਕੇ) ਇਉਂ ਨੀ ਕੰਮ ਚਲਣਾ।

[ਹਰਨਾਮ ਸਿੰਘ ਨੇ ਇਕ ਦਮ ਜਿਵੇਂ ਕੋਈ ਫੈਸਲਾ ਕਰ ਲਿਆ ਹੋਵੇ, ਕਾਹਲੀ ਕਾਹਲੀ ਵਾਸ਼ ਰੂਮ ਵੱਲ ਨੂੰ ਜਾਂਦਾ ਹੈ। ਬਲਵੰਤ ਤੇ ਗੁਰਦੀਪ ਕੁਝ ਚਿਰ ਲਈ ਚੁੱਪ ਹੋ ਜਾਂਦੇ ਹਨ]।

**ਜਸਵੰਤ ਕੌਰ :**

ਲੈ ਚਾਹ ਵਿਚੇ ਈ ਛੱਡਗੇ...ਕਾਹਦੀ ਗੱਲ ਐ

[ਕੁਝ ਦੇਰ ਚੁੱਪ ਰਹਿੰਦੀ ਹੈ ਫਿਰ ਆਪ ਵੀ ਚਲੀ ਜਾਂਦੀ ਹੈ]

**ਬਲਵੰਤ :**

ਇਹ ਜਿਹੜੀਆਂ ਗੁਰਦੀਪ ਤੂੰ ਮਾਣ ਨਾਲ ਤੁਰਨ ਵਾਲੀਆਂ ਗੱਲਾਂ ਕਰਦੈਂ ਨਾ...ਇਹ ਬੱਸ ਗੱਲਾਂ ਈ ਐ – ਆਪਣੇ ਲੋਕਾਂ ਤੋਂ ਗੋਰੇ ਬਾਸ ਅੱਗੇ ਗੱਲ ਮਸਾਂ ਨਿਕਲਦੀ ਐ।

**ਗੁਰਦੀਪ :**

ਪਰ ਕਿਉਂ ? ਅਸੀਂ ਕੰਮ ਘੱਟ ਕਰਦੇ ਹਾਂ...ਜਾਂ ਉਹ ਸਾਡੇ ਤੇ ਇਹਸਾਨ ਕਰਦੇ ਐ । ਜੇ ਅਸੀਂ ਆਪ ਈ ਇਉਂ ਕਰਾਂਗੇ ਤਾਂ ਦੂਜੇ ਵੀ ਸਾਨੂੰ ਘਟੀਆ ਸਮਝਣਗੇ ।

[ਬਾਹਰ ਘੰਟੀ ਵੱਜਦੀ ਐ ਗੁਰਦੀਪ ਦਰਵਾਜ਼ਾ ਖੋਲ੍ਹਦਾ ਹੈ । ਜਗਦੇਵ ਪ੍ਰਵੇਸ਼ ਕਰਦਾ ਹੈ, ਕਲੀਨ ਸ਼ੇਵਡ ਹੈ]

**ਜਗਦੇਵ :**

(ਹੱਥ ਮਿਲਾਉਂਦਾ ਹੋਇਆ) ਸੁਣਾ ਵਈ ਗੁਰਦੀਪ ਸਿਹਾਂ ਕੀ ਹਾਲ ਚਾਲ ਐ ?

[ਬਲਵੰਤ ਵੱਲ ਤੱਕ ਕੇ]

ਬੱਲੇ ਬਈ ਅੱਜ ਤਾਂ ਬੜੇ ਵੱਡੇ ਆਦਮੀ ਆਏ ਬੈਠੇ ਐ

**ਬਲਵੰਤ :**

(ਖੁਸ਼ਕ ਜਿਹੇ ਲਹਿਜੇ ਵਿੱਚ) ਹੋਰ ਸੁਣਾ ਕੀ ਹਾਲ ਚਾਲ ਐ ?

**ਜਗਦੇਵ :**

ਫੱਸਕਲਾਸ ਐ ਆਪਣੇ ਤਾਂ, ਆਵਦੇ ਸਣਾ । ਹਰਨਾਮ ਸਿਹੁੰ ਕਿਥੇ ਐ ?

**ਗੁਰਦੀਪ :**

ਘਰੇ ਈ ਐ; ਬੈਠੋ—

**ਜਗਦੇਵ :**

(ਖੜਾ ਹੀ ਰਹਿੰਦਾ ਹੈ) ਨਹੀਂ ਬੈਠਣ ਦਾ ਤਾਂ ਟੈਮ ਨਹੀਂ ਮੈਂ ਤਾਂ ਐਨਾ ਈ ਕਹਿਣ ਆਇਆ ਸੀ ਵਈ ਪਰਸੋਂ ਨੂੰ ਆਪਣੇ ਅਖੰਡ—ਪਾਠ ਦਾ ਭੋਗ ਪੈਣਾ ਐ ਗੁਰਦਵਾਰੇ । ਹਰਨਾਮ ਸਿਹੁੰ ਨੂੰ ਕਹਿ ਦਿਓ ਬਰ ਜਰੂਰ ਹਾਜਰ ਹੋਵੇ ।

[ਜਸਵੰਤ ਕੌਰ ਘਬਰਾਈ ਹੋਈ ਔਂਦੀ ਹੈ]

**ਜਸਵੰਤ ਕੌਰ :**

(ਬਿਨਾ ਜਗਦੇਵ ਵੱਲ ਧਿਆਨ ਦਿੱਤੇ) ਗੁਰਦੀਪ, ਆਵਦੇ ਡੈਡੀ ਨੂੰ



'ਵਾਜ ਦੇ ਖਾਂ, ਮੈਨੂੰ ਲਗਦੈ ਉਹ ਅੱਕ ਕੇ ਪੱਗ ਈ ਨਾਂ ਲਾਹ ਦੇਵੇ ।

**ਜਗਦੇਵ :**

(ਹੈਰਾਨੀ ਵਿੱਚ) ਹੈਂ ?

**ਬਲਵੰਤ :**

(ਵਿਅੰਗ ਨਾਲ ਹਸਦਾ ਹੋਇਆ) ਐਨੀ ਵਰ੍ਹੀ ਨਾ ਕਰੋ, ਉਹ ਐਡੀ ਛੇਤੀ ਪੱਗ ਨੀ ਲਾਹੁੰਦਾ ।

**ਜਗਦੇਵ :**

ਮਖ ਗੱਲ ਕੀ ਕਰੀ ਜਾਨੇ ਐਂ ?

[ਜਗਦੇਵ ਦੀ ਗੱਲ ਵੱਲ ਕੋਈ ਧਿਆਨ ਨੀ ਦਿੰਦਾ]

**ਗੁਰਦੀਪ :**

(ਉੱਠਦਾ ਹੋਇਆ) ਖਿਆਲ ਤਾਂ ਮੇਰਾ ਵੀ ਇਹੋ ਐ ਡੈਡੀ ਐਡੀ ਛੇਤੀ ਵਾਲ ਨੀ ਕੱਟਣ ਲੱਗੇ ।

**ਜਸਵੰਤ ਕੌਰ :**

(ਵਾਪਸ ਜਾਂਦੀ ਹੋਈ) ਵੇ ਕੀ ਪਤੈ ਭਾਈ ਥੋੜੀ ਹੋਈ ਐ ਅੱਜ ? ਬੰਦੇ ਨੂੰ ਬੇਇਜ਼ਤੀ ਸਹਾਰਨੀ ਕੇਹੜਾ ਸੌਖੀ ਐ—

**ਬਲਵੰਤ :**

(ਜਸਵੰਤ ਕੌਰ ਦੇ ਜਾਣ ਪਿਛੋਂ) ਲੈ ਹੈ ਮੱਤ ਮਾਰੀ । ਐਂ ਉਹ ਕੇਸ ਕੱਟਣ ਲੱਗੈ ਭਲਾ । ਉਂ, ਜੇ ਕੱਟ ਦੇਵੇ ਤਾਂ ਗੁੱਡ ਈ ਐ—

**ਜਗਦੇਵ :**

ਇਕ ਵਾਰੀ ਸਾਡੇ, ਉਥੇ ਇਕ ਮੁੰਡੇ ਨੇ ਇੰਡੀਆ ਤੋਂ ਔਂਦੇ ਨੇ ਈ ਵਾਲ ਕਟਵਾ ਤੇ, ਪਿਛੋਂ ਕਈ ਦਿਨ ਰੋਣੋ ਨ ਹੱਟੇ ਅਸੀਂ ਬਥੇਰਾ ਸਮਝਾਈਏ......

**ਗੁਰਦੀਪ :**

ਪਤਾ ਨੀ ਅੱਕਿਆ ਹੋਇਆ ਡੈਡੀ ਕੱਟ ਈ ਦੇਵੇ ਅੱਗੇ ਇਕ ਵਾਰੀ

ਕਹਿੰਦੇ ਸੀ ਮੈਂ ਕਿਸੇ ਦਿਨ ਘਰੇ ਈ ਮੂੰਹ ਸਿਰ ਦੀ ਸਫਾਈ ਕਰ ਦੇਣੀ ਐ।

[ਗੁਰਦੀਪ ਜਾਂਦਾ ਹੈ]

[ਜਸਵੰਤ ਕੌਰ ਘਬਰਾਈ ਹੋਈ ਔਂਦੀ ਐ ਤੇ ਫੇਰ ਬਿਨਾਂ ਕੁਝ ਕਹੇ ਵਾਪਸ ਚਲੀ ਜਾਂਦੀ ਹੈ। ਗੁਰਦੀਪ ਪਲ ਕੁ ਲਈ ਦਾਖਲ ਹੁੰਦਾ ਹੈ]

**ਜਗਦੇਵ ਸਿੰਘ** :

(ਗੁਰਦੀਪ ਵੱਲ ਵੇਖ ਕੇ) ਚੰਗਾ ਵਈ ਗੁਰਦੀਪ ਸਿਹਾਂ ਮੈ ਤਾਂ ਚਲਦੈਂ ਹਰਨਾਮ ਸਿੰਘ ਨੂੰ ਦੱਸ ਦਈਂ।

**ਗੁਰਦੀਪ** :

(ਬੇ-ਧਿਆਨੀ ਵਿੱਚ ਹੀ) ਓ. ਕੇ.

**ਬਲਵੰਤ** :

(ਜਗਦੇਵ ਨੂੰ) ਬਹਿ ਜਾ ਦੋ ਮਿੰਟ ਹੋਰ

**ਜਗਦੇਵ** :

ਸਮਝ ਨੀ ਔਂਦੀ ਇਹ ਕੀ ਡਰਾਮਾ ਜਿਹਾ ਕਰੀ ਜਾਨੇ ਐਂ। ਮੇਰੇ ਪੱਲੇ ਵੀ ਪਾਓ ਕੁਸ਼ – ਕੋਈ ਗੱਲ ਈ ਨੀ ਸੁਣਦਾ।

[ਜਾਣ ਲੱਗਦਾ ਹੈ]

**ਬਲਵੰਤ** :

(ਹੱਥ ਦੇ ਇਸ਼ਾਰੇ ਨਾਲ ਉਸ ਨੂੰ ਕੋਲ ਬੁਲਾਉਂਦਾ ਹੋਇਆ) ਉਰੇ ਆ

[ਜਗਦੇਵ ਬਲਵੰਤ ਕੋਲ ਆ ਕੇ ਬੈਠ ਜਾਂਦਾ ਹੈ, ਬਲਵੰਤ ਉਸ ਨੂੰ ਬਹੁਤ ਹੌਲੀ ਅਵਾਜ ਵਿੱਚ, ਜੋ ਦਰਸ਼ਕਾਂ ਨੂੰ ਨਹੀਂ ਸੁਣਦੀ, ਇਕ ਦੋ ਮਿੰਟਾਂ ਵਿੱਚ ਸਾਰੀ ਗੱਲ ਸਮਝਾਉਂਦਾ ਹੈ। ਏਨੇ ਨੂੰ ਜਸਵੰਤ ਕੌਰ ਘਬਰਾਈ ਹੋਈ ਆਉਂਦੀ ਹੈ, ਹੱਥ ਜੋੜ ਕੇ ਘੁੱਟੇ ਹੋਏ ਹਨ]



**ਬਲਵੰਤ** :

(ਜਸਵੰਤ ਕੌਰ ਨੂੰ) ਹੈ ਕਿੱਥੇ ਹਰਨਾਮ ਸਿਹੁੰ ?

**ਜਸਵੰਤ ਕੌਰ** :

ਮੇਰਾ ਖਿਆਲ ਐ ਨੌਣ੍ਹ ਵੜੇ ਸੀ ਵਾਸ਼ਰੂਮ ਵਿੱਚ

**ਗੁਰਦੀਪ** :

(ਆਉਂਦਾ ਹੋਇਆ) ਵਾਸ਼ਰੂਮ ਤਾਂ ਖਾਲੀ ਹੈ

**ਜਸਵੰਤ ਕੌਰ** :

(ਫਿਕਰਮੰਦ ਹੋ ਕੇ) ਲੈ, ਮੈਂ ਤਾਂ ਕਿਹਾ ਕਿਤੇ ਨੌਣ੍ਹ ਗਏ ਐ, ਫੇਰ ਕਿਥੇ ਹੋਏ ?

[ਐਨੇ ਚਿਰ ਨੂੰ ਹਰਨਾਮ ਸਿੰਘ ਅੰਦਰੋਂ ਨਿਕਲਦਾ ਹੈ। ਸਿਰ ਉੱਤੇ ਕਿਰਮਚੀ ਰੰਗ ਦੀ ਪੱਗ ਪੋਚ ਕੇ ਬੰਨ੍ਹੀ ਹੋਈ ਹੈ। ਮੂੰਹ ਅਤੇ ਦਾਹੜੀ ਕਰੀਮ ਨਾਲ ਲਿਸ਼ਕ ਰਹੇ ਹਨ। ਹੱਥ ਵਿੱਚ ਡਾਂਗ ਹੈ, ਸਾਰੇ ਵੇਖ ਕੇ ਹੈਰਾਨ ਹੁੰਦੇ ਹਨ]

**ਹਰਨਾਮ ਸਿੰਘ** :

ਆਹ, ਮੈਂ ਜਰਾ ਦਲੀਪ ਕੇ ਘਰ ਤੱਕ ਜਾ ਆਵਾਂ

**ਜਸਵੰਤ ਕੌਰ** :

ਐਸ ਵੇਲੇ ! ਤੁਰਕੇ? ਜਾਹ ਗੁਰਦੀਪ ਕਾਰ ਤੇ ਛੱਡ ਆ।

**ਹਰਨਾਮ ਸਿੰਘ** :

ਨਹੀਂ ਮੈਂ ਤੁਰ ਕੇ ਹੀ ਜਾ ਆਉਨੈਂ, ਕੇਹੜਾ ਦੂਰ ਐ, ਸਾਰੇ ਪੰਜ ਸੱਤ ਬਲਾਕ ਦੀ ਤਾਂ ਗੱਲ ਐ।

[ਹਰਨਾਮ ਸਿੰਘ ਘੰਗੂਰਾ ਮਾਰਦਾ ਹੈ ਤੇ ਬਿਨਾ ਕਿਸੇ ਦਾ ਜਵਾਬ ਉਡੀਕੇ ਬਾਹਰ ਨਿਕਲ ਜਾਂਦਾ ਹੈ। ਗੁਰਦੀਪ ਦੇ ਚਿਹਰੇ ਤੇ ਮੁਸਕਾਨ ਹੈ ਬਾਕੀਆਂ ਦੇ ਉਤੇ ਕੁਝ ਹੈਰਾਨੀ ਦਾ ਪ੍ਰਭਾਵ];

ਪਰਦਾ

ਇਕ ਕੁੜੀ ਇਕ ਸੁਪਨਾ

**ਪਾਤਰ** :

(ਪ੍ਰਵੇਸ਼ ਅਨੁਸਾਰ)

ਕੁਲਵੰਤ : ਨੌਜਵਾਨ ਸ਼ਾਦੀ ਸ਼ੁਦਹ ਔਰਤ

ਪਰਮਿੰਦਰ : ਕੁਲਵੰਤ ਦੀ ਸਹੇਲੀ, ਯੂਨੀਵਰਸਿਟੀ ਦੀ ਵਿਦਿਆਰਥਣ

ਜਗਮੇਲ : ਕੁਲਵੰਤ ਦਾ ਪਤੀ, ਉਮਰ 30 ਸਾਲ

ਮੁਕੰਦ : ਜਗਮੇਲ ਦਾ ਦੋਸਤ, ਉਮਰ 30-32 ਦੇ ਕਰੀਬ

ਡਾਕਟਰ

**ਸਥਾਨ** :

ਵੈਨਕੂਵਰ, ਸ਼ਾਂਤ ਸਾਗਰ ਕੰਢੇ ਕੈਨੇਡਾ ਦਾ ਮੁੱਖ ਨਗਰ ।

**ਸਮਾਂ** :

ਵਰਤਮਾਨ

ਸਾਧਾਰਣ ਜਿਹੇ ਘਰ ਦਾ ਲਿਵਿੰਗ ਰੂਮ । ਖੱਬੇ ਪਾਸੇ ਪ੍ਰਵੇਸ਼ ਕਰਨ ਲਈ ਦਰਵਾਜਾ ਹੈ । ਸੱਜੇ ਪਾਸੇ ਦਾ ਬੂਹਾ ਅੰਦਰ ਬੈੱਡ ਰੂਮ ਅਤੇ ਕਿਚਨ ਵਿੱਚ ਜਾਣ ਲਈ ਹੈ । ਸਾਹਮਣੇ ਵਾਲੀ ਦੀਵਾਰ ਨਾਲ ਇਕ ਸੋਫਾ ਸੈੱਟ ਤੇ ਕੁਰਸੀ ਪਏ ਹਨ । ਖੱਬੇ ਪਾਸੇ ਇਕ ਮੇਜ ਹੈ ਜਿਸ ਉਤੇ ਇਕ ਫੂਲਦਾਨ ਸਜਾ ਕੇ ਰੱਖਿਆ ਹੋਇਆ ਹੈ । ਸੱਜੇ ਪਾਸੇ ਇਕ ਨੁੱਕਰ ਵਿੱਚ ਟੀ. ਵੀ. ਹੈ, ਜਿਸ ਉਤੇ ਫਰੇਮ ਕੀਤੀ ਹੋਈ ਇਕ ਤਸਵੀਰ ਪਈ ਹੈ । ਕੁਝ ਨਿੱਕੀਆਂ ਮੋਟੀਆਂ ਹੋਰ ਵਸਤਾਂ ਵੀ ਕਮਰੇ ਵਿੱਚ ਮੌਜੂਦ ਹਨ । ਇਕ ਪਾਸੇ ਟੈਲੀਫੋਨ ਅਤੇ ਟੈਲੀਫੋਨ ਦੀ ਡਾਇਰੈਕਟਰੀ ਵੀ ਛੋਟੇ ਜਿਹੇ ਮੇਜ ਤੇ ਪਏ ਹਨ । ਇਸ ਸਮੇਂ ਸ਼ਾਮ ਦੇ ਚਾਰ ਪੰਜ ਵਜੇ ਦਾ ਸਮਾਂ ਹੈ । ਕੁਲਵੰਤ ਕਮਰੇ ਵਿੱਚ ਕਾਹਲੀ ਕਾਹਲੀ ਇਧਰ ਉਧਰ ਸਫਾਈ ਕਰ ਰਹੀ ਹੈ। ਉਹ ਕੁਝ ਪ੍ਰੇਸ਼ਾਨ ਜਿਹੀ ਦਿਖਾਈ ਦਿੰਦੀ ਹੈ। ਪਿਛੋਕੜ ਵਿੱਚ ਚੱਲ ਰਿਹਾ ਸੰਗੀਤ ਬੰਦ ਹੋ ਜਾਂਦਾ ਹੈ । ਕੁਲਵੰਤ ਬੂਹਾ ਖੋਲ੍ਹਦੀ ਹੈ । ਪਰਮਿੰਦਰ ਪ੍ਰਵੇਸ਼ ਕਰਦੀ ਹੈ । ਹੱਥ ਵਿੱਚ ਸੂਟਕੇਸ ਹੈ । ਦੋਨੋਂ ਇਕੱਠੀਆਂ ਹੀ ਇਕ ਦੂਜੀ ਨੂੰ ਹੈਲੋ ਕਹਿੰਦੀਆਂ ਹਨ ਤੇ ਗਲਵਕੜੀ ਪਾ ਕੇ ਮਿਲਦੀਆਂ ਹਨ । ਫੇਰ ਦੋਵੇਂ ਇਕ ਦੂਜੀ ਦਾ ਹੱਥ ਫੜੀ ਅੰਦਰ ਆਉਂਦੀਆਂ ਹਨ । ਕੁਲਵੰਤ ਅਤਿਅੰਤ ਖੁਸ਼ ਹੈ ਤੇ ਕੁਝ ਕਹਿਣ ਲੱਗਦੀ ਹੈ ਪਰ ਉਸਨੂੰ ਸ਼ਬਦ ਨਹੀਂ ਆਉੜ ਰਹੇ]

**ਪਰਮਿੰਦਰ** :

ਤੂੰ ਤਾਂ ਅੜੀਏ ਕੈਨੇਡਾ ਆ ਕੇ ਸਾਰਿਆਂ ਨੂੰ ਹੀ ਭੁੱਲ ਭੁਲਾ ਗਈ । ਨਾਂ ਕੋਈ ਚਿੱਠੀ ਨਾਂ ਚੀਰਾ ਨਾ ਕੋਈ ਸੁੱਖ ਨਾ ਸਾਂਦ । ਹਾਰ ਕੇ ਮੈਨੂੰ ਆਪ ਹੀ ਆਉਣਾ ਪਿਆ ।

**ਕੁਲਵੰਤ** :

(ਮੁਸਕਰਾ ਕੇ ਧੀਮੀ ਜਿਹੀ ਅਵਾਜ ਵਿੱਚ) ਬੱਸ ਤੈਨੂੰ ਪਤਾ ਈ ਐ ਕੈਨੇਡਾ ਦੀ ਜਿੰਦਗੀ ਦਾ, ਟਾਈਮ ਈ ਨੀ ਲਗਦਾ ।

**ਪਰਮਿੰਦਰ** :

ਮੈਂ ਤੈਨੂੰ ਕਿੰਨੀਆਂ ਚਿੱਠੀਆਂ ਲਿਖੀਆਂ, ਹੈ ਕੋਈ ਯਾਦ ? ਤੂੰ ਤਾਂ ਜਦੋਂ ਕੁੜੀਆਂ ਹੋਈਆਂ, ਬੱਸ ਦੋਨਾਂ ਵਾਰੀ ਕਾਰਡ ਪਾ ਛੱਡੇ, ਓਪਰਿਆਂ ਵਾਂਗ ।

[ਕੁਲਵੰਤ ਦੋਸ਼ੀਆਂ ਵਾਂਗ ਮੁਸਕ੍ਰੌਂਦੀ ਹੈ]

**ਕੁਲਵੰਤ** :

ਤੂੰ ਅਜੇ ਕੈਲਗਰੀ ਈ ਰਹਿਨੀਂ ਐਂ ਜਾਂ ਹੋਰ ਕਿਸੇ ਸ਼ਹਿਰ ?

**ਪਰਮਿੰਦਰ** :

ਕੈਲਗਰੀ ਈ ਆਂ ਅਜੇ ਤਾਂ ਉਸੇ ਯੂਨੀਵਰਸਿਟੀ ਵਿੱਚ । ਅਖੀਰਲਾ ਸਾਲ ਰਹਿ ਗਿਆ । ਸ਼ੁਕਰ ਕਰਾਂਗੇ ਜਦੋਂ ਕਿਤੇ ਪੀ. ਐਚ. ਡੀ. ਗਲੋਂ ਲੱਥੂ । ਫੇਰ ਜੇ ਕਿਤੇ ਕਰਮਾਂ ਨਾਲ ਨੌਕਰੀ ਮਿਲ ਗਈ ਤਾਂ ਓਥੇ ਤੁਰ ਜਾਵਾਂਗੇ ।

**ਕੁਲਵੰਤ** :

ਤੂੰ ਤਾਂ ਮਿੰਦੀ ਅੜੀਏ ਵੈਨਕੂਵਰ ਵਿਚ ਈ ਆ ਜਾ, ਸੱਚੀਂ ਤੇਰਾ ਬੜਾ ਭਲਾ ਹੋਊ ।

**ਪਰਮਿੰਦਰ** :

ਕਿਉਂ ਬਹੁਤ ਓਦਰੀ ਪਈ ਐਂ ? ਚਿੱਠੀ ਦਾ ਤਾਂ ਕਦੇ ਨਾਂ ਨਹੀਂ ਲਿਆ ? ਲਿਖਣਾ ਪੜ੍ਹਨਾ ਤੂੰ ਊਂ ਈ ਭੁਲ ਗੀ, ਲਗਦੈ ਗੌਰਮੈਂਟ ਕਾਲਜ ਤੋਂ ਬੀ.ਏ. ਕੀਤੀ ਇਥੇ ਆ ਕੇ ਗਾਰਬਿਜ ਵਿਚ ਸਿੱਟ ਤੀ ਕਿਸੇ ਦਿਨ ।

**ਕੁਲਵੰਤ** :

(ਮੁਸਕਰਾ ਕੇ) ਬੱਸ ਇਉਂ ਈ ਸਮਝ ਲੈ।

**ਪਰਮਿੰਦਰ** :

ਪਹਿਲਾਂ ਕੁੱਲੀ ਤੂੰ ਇਉਂ ਦੱਸ ਤੇਰੀ ਅਵਾਜ ਨੂੰ ਕੀ ਹੋ ਗਿਆ । ਅਜੇ ਤਾਂ ਕੈਨੇਡਾ ਆਈ ਨੂੰ ਚਾਰ ਸਾਲ ਪੂਰੇ ਨੀ ਹੋਏ । ਇੰਡੀਆ ਐਨਾਂ ਉੱਚੀ



ਉੱਚੀ ਹੱਸਦੀ ਹੁੰਦੀ ਸੀ । ਐਥੇ ਤਾਂ ਤੇਰਾ ਬੋਲ ਈ ਮਸਾਂ ਨਿਕਲਦਾ ਐ । ਮੇਰੇ ਨਾਲ ਤਾਂ ਅੜੀਏ ਐਨੀ ਓਪਰੀ ਨਾ ਬਣ ।

**ਕੁਲਵੰਤ** :

ਨਹੀਂ, ਨਹੀਂ ਇਹੋ ਜੀ ਤਾਂ ਕੋਈ ਗੱਲ ਨੀ ਮਿੰਦੀ, ਬੱਸ ਐਵੇਂ...... ਮੈਨੂੰ ਤਾਂ ਕੁਝ ਪਤਾ ਜਿਹਾ ਨੀ ਲਗਦਾ ।

**ਪਰਮਿੰਦਰ** :

ਤੇਰੀਆਂ ਤਾਂ ਅੱਖਾਂ ਵੀ ਮੈਨੂੰ ਸੁੱਜੀਆਂ ਲੱਗਦੀਆਂ ਜਿਵੇਂ ਕਈ ਮਹੀਨਿਆ ਤੋਂ ਸੁੱਤੀ ਨੀ ਹੁੰਦੀ, ਗੱਲ ਕੀ ਐ ? ਘਰ ਵਾਲਾ ਤਾਂ ਠੀਕ ਠਾਕ ਐ ਨਾਂ ?

**ਕੁਲਵੰਤ** :

ਸੱਭ ਕੁਝ ਠੀਕ ਈ ਸਮਝ ਲੈ । ਬੱਚਿਆਂ ਵਿਚ ਤੇ ਕੰਮ ਧੰਦੇ ਵਿੱਚ ਬੱਸ ਐਹੋ ਜਿਹਾ ਈ ਸੁੱਤਾ ਜਾਂਦੈ ।

**ਪਰਮਿੰਦਰ** :

ਕੁੜੇ ਨਾਂ ਤਾਂ ਦੱਸ ਦੇ ਆਵਦੇ ਪਤੀ ਦੇਵ ਦਾ ? ਮੈਂ ਤਾਂ ਅੱਜ ਆਏ ਦੀ ਭੁਗਤ ਸਵਾਰ ਦੇਣੀ ਐ ।

**ਕੁਲਵੰਤ** :

ਨਾਂ ਤਾਂ ਜਗਮੇਲ ਸਿੰਘ ਐ, ਕਹਿੰਦੇ ਸਾਰੇ ਜੋਅ ਐ ।

**ਪਰਮਿੰਦਰ** :

ਤੂੰ ਵੀ ਜੋਅ ਕਹਿਨੀ ਐ ਕਿ ਐਥੇ ਕਨੇਡਾ ਆ ਕੇ ਵੀ ਤੁਸੀਂ ਜੀ, ਤੁਗੀ ਜੀ ਕਰਦੀ ਪਿੱਛੇ ਪਿੱਛੇ ਫਿਰਦੀ ਰਹਿਨੀ ਐਂ ? ਅੱਛਾ ਸੱਚ ਇਹ ਤਾਂ ਦੱਸ ਤੇਰਾ ਜੋਅ ਤੇ ਤੇਰੀਆਂ ਕੁੜੀਆਂ ਹਨ ਕਿਥੇ ? ਮੇਰਾ ਤਾਂ ਤੇਰੀਆਂ ਕੁੜੀਆਂ ਵੇਖਣ ਨੂੰ ਬੜਾ ਜੀ ਕਰਦਾ । ਕਿੱਡੀਆਂ ਕੁ ਹੋ ਗਈਆਂ ?

**ਕੁਲਵੰਤ** :

ਉਹ ਆਪ ਤਾਂ ਬੱਸ ਕੰਮ ਤੋਂ ਆਉਣ ਈ ਵਾਲੇ ਐ; ਕੁੜੀਆਂ ਅੰਦਰ

ਬੈੱਡ ਰੂਮ 'ਚ ਐ, ਹੁਣੇ ਸੁੱਤੀਆਂ। ਮਿੰਨੀ ਤਾਂ ਢਾਈ ਸਾਲ ਦੀ ਐ ਤੇ ਨਿੱਕੀ ਅਜੇ ਸਾਲ ਕੁ ਦੀ ਐ।

[ਪਰਮਿੰਦਰ ਅੰਦਰ ਜਾਣ ਲੱਗਦੀ ਹੈ ਫੇਰ ਉਦੋਂ ਈ ਵਾਪਸ ਆ ਜਾਂਦੀ ਐ]

**ਪਰਮਿੰਦਰ :**

ਅੱਛਾ, ਸੱਚ ਮੈਂ ਤਾਂ ਗੱਲਾਂ 'ਚ ਤੈਨੂੰ ਦੱਸਣਾ ਈ ਭੁੱਲ ਗੀ, ਮੈਂ ਕੁਝ ਦੇਰ ਲਈ ਏਥੇ ਇਕ ਪ੍ਰੋਫੈਸਰ ਦੇ ਘਰੇ ਜਾਣਾ ਐ, ਕਿਤਾਬਾਂ ਦੇਕੇ ਆਉਣੀਆਂ। ਮੈਂ ਹੁਣ ਦੇ ਈ ਆਵਾਂ, ਫੇਰ ਜਿਆਦਾ ਲੇਟ ਹੋ ਜਾਏਗਾ।

**ਕੁਲਵੰਤ :**

ਲੈ, ਮਿੰਦੀ ਚਾਹ ਦਾ ਘੁੱਟ ਤਾਂ ਪਹਿਲਾਂ ਪੀ ਜਾ, ਮੈਨੂੰ ਤਾਂ ਸੱਚੀਂ ਗੱਲਾਂ 'ਚ ਯਾਦ ਈ ਨੀ ਰਿਹਾ।

**ਪਰਮਿੰਦਰ :**

ਨਹੀਂ ਮੈਂ ਆ ਕੇ ਰੋਟੀ ਖਾਵਾਂਗੀ, ਚਾਹ ਤਾਂ ਸ਼ਾਇਦ ਪ੍ਰੋਫੈਸਰ ਵੀ ਪਿਆ ਦੇਵੇ, ਜੇ ਬਹੁਤਾ ਕੰਜੂਸ ਨਾਂ ਹੋਇਆ ਤਾਂ (ਹੱਸਦੀ ਹੈ) ਪਰ ਮੈਨੂੰ ਤਾਂ ਤੂੰ ਠੀਕ ਨਹੀਂ ਲੱਗਦੀ। ਸੱਚ ਦੱਸ ਗੱਲ ਕੀ ਐ ? ਤੂੰ ਇਉਂ ਹੁਣ ਮੈਥੋਂ ਵੀ ਗੱਲਾਂ ਲੁੱਕਾ ਕੇ ਰੱਖੇਂਗੀ ?

**ਕੁਲਵੰਤ :**

ਨਹੀਂ...ਨਹੀਂ...ਤੈਥੋਂ ਮੈਂ ਕੀ ਲੁਕੋ ਕੇ ਰੱਖਣੇ...ਮਿੰਦੀ ਤੂੰ ਤਾਂ...

**ਪਰਮਿੰਦਰ :**

ਮੈਨੂੰ ਤਾਂ ਇਉਂ ਲੱਗਦਾ ਤੂੰ ਉਤੋਂ ਉਤੋਂ ਮੇਰੇ ਨਾਲ ਗੱਲਾਂ ਕਰੀ ਜਾਨੀ ਐਂ ਤੇ ਅੰਦਰੋਂ ਕੁਝ ਹੋਰ ਸੋਚੀ ਜਾਨੀ ਐਂ। ਤੇਰਾ ਮਨ ਕਿਸੇ ਹੋਰ ਪਾਸੇ ਵੱਲ ਉਲਝਿਆ ਲਗਦੈ।

**ਕੁਲਵੰਤ :**

ਹੋਰ ਪਾਸੇ ਵੱਲ ? (ਹੈਰਾਨੀ ਨਾਲ ਪਰਮਿੰਦਰ ਵੱਲ ਵੇਖਦੀ ਐ)



**ਪਰਮਿੰਦਰ :**

ਚੰਗਾ ਤੂੰ ਆਪਣਾ ਖਿਆਲ ਰੱਖੀਂ ਮੈ ਬੱਸ ਛੇਤੀ ਈ ਆਈ, ਪ੍ਰੋਫੈਸਰ ਦਾ ਘਰ ਏਥੇ ਨੇੜੇ ਈ ਐ—ਅਗਲੇ ਬਲਾਕ 'ਚ। ਫੇਰ ਸਾਰੀਆਂ ਗੱਲਾਂ ਖੁਲ੍ਹ ਕੇ ਕਰਾਂਗੇ। ਹੁਣ ਮੈ ਚਲਦੀ ਹਾਂ।

[ਪਰਮਿੰਦਰ ਜਾਂਦੀ ਹੈ। ਕੁਲਵੰਤ ਹੌਲੀ ਹੌਲੀ ਦਰਵਾਜੇ ਤੋਂ ਵਾਪਸ ਆਉਂਦੀ ਹੈ ਤੇ ਫੇਰ ਇਕ ਦਮ ਜਿਵੇਂ ਕੋਈ ਗੱਲ ਯਾਦ ਆ ਗਈ ਹੋਵੇ, ਕਾਹਲੀ ਕਾਹਲੀ ਘਰ ਦਾ ਕੰਮ ਧੰਦਾ ਸਫਾਈ ਆਦਿ ਕਰਨ ਲੱਗ ਜਾਂਦੀ ਹੈ।

ਘੰਟੀ ਹੁੰਦੀ ਹੈ ਕੁਲਵੰਤ ਇਕ ਦਮ ਕੰਬ ਜਿਹੀ ਜਾਂਦੀ ਹੈ ਅਤੇ ਤੇਜੀ ਨਾਲ ਜਾ ਕੇ ਦਰਵਾਜਾ ਖੋਲ੍ਹਦੀ ਹੈ। ਜਗਮੇਲ ਕੰਮ ਵਾਲੇ ਕੱਪੜਿਆਂ ਵਿੱਚ ਅਤੇ ਤਣੇ ਚਿਹਰੇ ਨਾਲ ਅੰਦਰ ਦਾਖਲ ਹੁੰਦਾ। ਕੁਲਵੰਤ ਉਸਦੇ ਪਿਛੇ ਪਿਛੇ ਆਉਂਦੀ ਹੈ। ਜਗਮੇਲ ਚੁੱਪ ਚਾਪ ਆ ਕੇ ਸੋਫੇ ਤੇ ਬੈਠ ਜਾਂਦਾ ਹੈ। ਕੁਲਵੰਤ ਉਸਦੇ ਬੂਟ ਅਤੇ ਜੁਰਾਬਾਂ ਲਾਹੁੰਦੀ ਹੈ ਤੇ ਪਾਸੇ ਲੈ ਜਾਂਦੀ ਹੈ। ਚੱਪਲਾਂ ਲਿਆ ਕੇ ਕੋਲ ਰੱਖ ਦਿੰਦੀ ਹੈ। ਜੋਅ ਉੱਠ ਕੇ ਮੂੰਹ ਹੱਥ ਧੋਣ ਚਲਾ ਜਾਂਦਾ ਹੈ। ਥੋੜ੍ਹੀ ਦੇਰ ਪਿੱਛੋਂ ਫੋਨ ਦੀ ਘੰਟੀ ਖੜਕਦੀ ਹੈ]

**ਕੁਲਵੰਤ :**

ਹੈਲੋ—(ਨਿਮਰਤਾ ਨਾਲ) ਸਤਿ ਸ੍ਰੀ ਅਕਾਲ ਭੈਣ ਜੀ। ਹੁਣੇ ਆਏ ਐ ਕੰਮ ਤੋਂ...ਮੈਂ ਫੋਨ ਫੜਾਉਂਦੀ ਆਂ।

ਆਹ ਫ਼ੋਨ ਐ ਜੀ...(ਕੁਲਵੰਤ ਫੋਨ ਪਾਸੇ ਰੱਖ ਕੇ ਆਪ ਅੰਦਰ ਚਲੀ ਜਾਂਦੀ ਹੈ)

**ਜਗਮੇਲ :**

[ਫੋਨ ਚੁਕਦਾ ਹੋਇਆ]

ਹਲੋ......

ਸਾਸਰੀ ਕਾਲ...ਸਿਹਤ ਇਹਦੀ ਨੂੰ ਕੀ ਗੋਲੀ ਵੱਜੀ ਐ, ਠੀਕ ਠਾਕ

ਐ ਐਵੇਂ ਪਖੰਡ ਕਰਦੀ ਐ, ਜਦੋਂ ਜੁੱਤੀਆ ਵੱਜੀਆਂ ਚਾਰ, ਦਮਾਗ ਤਾਂ ਆਪੇ ਠੀਕ ਹੋ ਜੂ........ਬੇ ਸੁਰਤਾਂ ਆਂਙੂ ਗੱਲਾਂ ਕਰਦੀ ਐ ? ਮੈ ਤੈਨੂੰ ਕਿਹਾ ਤਾਂ ਹੈ ਐਵੇਂ ਚਲਿੱਤਰ ਕਰਦੀ ਐ......ਮੈਂ ਤਾਂ ਇਹਨੂੰ ਤੋਰ ਈ ਦੇਣਾ... ..ਕੁੜੀਆਂ ? ਨਾਲ ਈ ਕੁੜੀਆਂ ਨੂੰ ਲੈ ਜੂ, ਉਹਨਾਂ ਦਾ ਮੈਂ ਏਥੇ ਕੀ ਅਚਾਰ ਪਾਉਣਾ ਐ।...ਆਹ ਕਿਰਾਏ ਦਾ ਥੋੜ੍ਹਾ ਜਿਹਾ ਸੂਤ ਹੋ ਜੇ, ਮੈਂ ਇਹਨੂੰ ਦਫਾ ਕਰ ਈ ਦੇਣੈ, ਇਹਦਿਆਂ ਮਾਪਿਆਂ ਕੋਲ। ਚੰਗਾ, ਓ. ਕੇ. ਫਿਰ।......ਬਾਇ।

[ਜਗਮੇਲ ਫੋਨ ਰੱਖ ਦਿੰਦਾ ਹੈ ।
ਕੁਲਵੰਤ ਵਿਸਕੀ ਦੀ ਬੋਤਲ, ਗਿਲਾਸ ਤੇ ਪਾਣੀ ਲਿਆ ਕੇ ਚੁੱਪ ਚਾਪ ਮੇਜ਼ ਤੇ ਰੱਖ ਦਿੰਦੀ ਹੈ]

**ਜਗਮੇਲ** :

(ਰੁਖੀ ਅਵਾਜ਼ ਵਿੱਚ) ਮੈਨੂੰ ਜਰਾਬਾਂ ਦਾ ਜੋੜਾ ਲਿਆਦੇ ਅੰਦਰੋਂ, ਮੈਂ ਜਾਣਾ ਐ ਕਿਤੇ।

**ਕੁਲਵੰਤ** :

ਰੋਟੀ ਖਾ ਕੇ ਜਾਇਓ, ਤਿਆਰ ਐ।

**ਜਗਮੇਲ** :

(ਉੱਚੀ ਖਰ੍ਹਵੀ ਅਵਾਜ਼ ਵਿੱਚ) ਜੋ ਮੈ ਕਿਹਾ ਐ ਉਹ ਨੀ ਸੁਣਦਾ ?

[ਕੁਲਵੰਤ ਤੇਜੀ ਨਾਲ ਅੰਦਰ ਜਾਂਦੀ ਐ। ਜਗਮੇਲ ਸ਼ਰਾਬ ਦੇ ਦੋ ਪੈੱਗ ਪੀਂਦਾ ਹੈ ਤੇ ਇਧਰ ਉਧਰ ਟਹਿਲਦਾ ਹੈ]

**ਜਗਮੇਲ** :

(ਅਵਾਜ਼ ਦੇ ਕੇ) ਮਖ ਲਿਆ ਜਰਾਬਾਂ, ਸੁਣਦਾ ਨੀ ਤੈਨੂੰ ?

**ਕੁਲਵੰਤ** :

(ਤੇਜੀ ਨਾਲ ਅੰਦਰੋਂ ਆ ਕੇ) ਆਹ ਲਓ।

[ਜੋਅ ਜੁਰਾਬਾਂ ਪਾਉਣ ਲੱਗਦਾ ਹੈ ਇਕ ਜੁਰਾਬ ਅੱਡੀ ਕੋਲੋਂ ਥੋੜੀ ਜਿਹੀ ਫਟੀ ਨਿਕਲਦੀ ਹੈ, ਗੁੱਸੇ



ਨਾਲ ਜੁਰਾਬਾਂ ਕੁਲਵੰਤ ਤੇ ਵਗਾਹ ਕੇ ਮਾਰਦਾ ਹੈ]

**ਜਗਮੇਲ** :

ਆਹ ਜਰਾਬਾਂ ਪਾਉਣ ਵਾਲੀਆਂ ਐ ? ਤੇਰੀ ਅਕਲ ਟਕਾਣੇ ਹੈ ਕਿ ਨਹੀਂ, ਸੂਰ ਦੀ ਬੱਚੀ। ਜਿੰਨਾ ਚਿਰ ਲੱਗਣ ਨਾ ਤੇਰੇ ਦੋ ਚਾਰ ਕਦੇ ਕੰਮ ਕੀਤਾ ਐ ਕੋਈ ਸਿੱਧਾ ?

[ਕੁਲਵੰਤ ਤੇਜੀ ਨਾਲ ਫੇਰ ਅੰਦਰ ਜਾਂਦੀ ਐ
[ਬਾਹਰ ਘੰਟੀ ਵੱਜਦੀ ਹੈ, ਜਗਮੇਲ ਉੱਠ ਕੇ ਬੂਹਾ ਖੋਲ੍ਹਦਾ ਹੈ। ਮੁਕੰਦ ਅੰਦਰ ਆਉਂਦਾ ਹੈ]

**ਜਗਮੇਲ** :

(ਚਿਹਰੇ ਤੇ ਮੁਸਕਾਨ ਲਿਆਉਂਦਾ ਹੋਇਆ) ਹੈਲੋ, ਆ ਜਾ ਅੰਦਰ, ਬੱਸ ਪੰਜ ਕੁ ਮਿੰਟਾਂ ਤੱਕ ਚਲਦੇ ਐਂ

**ਮੁਕੰਦ** :

ਕੀ ਗੱਲ ? ਮੈਂ ਤਾਂ ਸੋਚਿਆ ਲੀਹ ਤੇ ਹੋਏਂਗਾ ਤੂੰ ?

**ਜਗਮੇਲ** :

ਉਇ ਆ ਜਾ, ਪੰਜਾਂ ਮਿੰਟਾਂ ਨਾਂ ਹੁਣ ਕੀ ਪਹਾੜ ਡਿੱਗਣ ਲੱਗੈ। ਮੈਂ ਅਜੇ ਹੁਣੇ ਆਇਆਂ ਕੰਮ ਤੋਂ।

[ਦੋਵੇਂ ਸੋਫੇ ਕੋਲ ਆ ਕੇ ਖੜ ਜਾਂਦੇ ਹਨ–ਜਗਮੇਲ ਉਹਦੇ ਵਾਸਤੇ ਇਕ ਪਾਸੇ ਪਿਆ ਗਿਲਾਸ ਚੁੱਕ ਕੇ ਵਿਸਕੀ ਪਾਉਂਦਾ ਹੈ ਤੇ ਪੁੱਛਦਾ ਹੈ, ਵਿੱਚ ਕੀ ਪਾਉਣਾ ਹੈ, ਪਾਣੀ ਕਿ ਸੈਵਨ-ਅੱਪ]

**ਮੁਕੰਦ** :

(ਆਪੇ ਚੁੱਕ ਕੇ ਪਾਣੀ ਪਾਉਂਦਾ ਹੋਇਆ) ਚਲ ਪਾਣੀ ਈ ਠੀਕ ਐ। ਤੂੰ ਇਉਂ ਕਰ ਹੁਣ ਤੁਰਨ ਵਾਲੀ ਗੱਲ ਕਰ, ਬਾਕੀ ਉਥੇ ਚੱਲ ਕੇ ਸਹੀ। ਜੇ ਘਰੇ ਈ ਖਾਲੀ ਕਰ ਤੀ, ਉਥੇ ਪਤਾਸੇ ਲੈਣ ਜਾਣੇ ਐਂ।

[ਇਕੋ ਡੀਕ ਨਾਲ ਗਲਾਸ ਖਾਲੀ ਕਰਕੇ ਮੇਜ ਤੇ ਰੱਖ ਦਿੰਦਾ ਹੈ]

**ਜਗਮੇਲ** :

ਚਲਣਾ ਕਿਥੇ ਐ ਅੱਜ ?

**ਮੁਕੰਦ** :

ਉਥੇ ਈ (ਅੱਖ ਨੱਪਕੇ ਇਸ਼ਾਰਾ ਕਰਦਾ ਹੈ) ਤੂੰ ਬੱਲਿਆ ਰੈੱਡੀ ਹੋ ਕੇਰਾਂ, ਗੱਲਾਂ ਕਾਰ 'ਚ ਕਰਾਂਗੇ। (ਗੱਲ ਬਦਲਦਾ ਹੋਇਆ)ਮੈ ਕਿਹਾ ਭਰਜਾਈ ਸਾਡੀ ਕਿਥੇ ਤੋਰ ਤੀ ? ਦਿੱਸਦੀ ਨੀ ਅੱਜ ?

**ਜਗਮੇਲ** :

(ਖਿਝ ਕੇ) ਉਇ ਤੋਰਨੀ ਕਿਥੇ ਸੀ...(ਉਸਨੂੰ ਬੋਤਲ ਵੱਲ ਇਸ਼ਾਰਾ ਕਰਕੇ) ਲੈ ਤੂੰ ਇਕ ਦਰਾਮ ਹੋਰ ਪਾ ਮੈ ਬੂਟ ਪਾ ਲਾਂ (ਅੰਦਰ ਜਾਂਦਾ ਹੈ)

[ਮੁਕੰਦ ਸ਼ਰਾਬ ਪਾਉਣ ਦੀ ਬਜਾਏ ਕਿਸੇ ਨੂੰ ਫੋਨ ਕਰਨ ਲੱਗ ਪੈਂਦਾ ਹੈ ਜੋ ਦਰਸ਼ਕਾਂ ਨੂੰ ਨਹੀਂ ਸੁਣਦਾ]

**ਜਗਮੇਲ** :

(ਅੰਦਰੋਂ ਅਵਾਜ ਬਾਹਰ ਸੁਣਾਈ ਦਿੰਦੀ ਹੈ) ਅਜੇ ਤੱਕ ਜਰਾਬਾਂ ਨਹੀ ਥਿਆਈਆਂ ਤੈਨੂੰ ਹਰਾਮ ਜਾਦੀਏ ? ਕਰਦੀ ਕੀ ਰਹਿਨੀ ਐ ਤੂੰ ਸਾਰਾ ਦਿਨ, ਹੁਣੇ ਲਿਆਉਨਾ ਮੈਂ (ਕੁੱਟਣ ਦੀ ਅਵਾਜ ਆਉਂਦੀ ਹੈ) ਸੁਰਤ ਟਿਕਾਣੇ, ਤੇਰੀ ਮਾਂ...

[ਜਗਮੇਲ ਕੁਝ ਦੇਰ ਪਿੱਛੋਂ ਤਣੇ ਚਿਹਰੇ ਨਾਲ ਬਾਹਰ ਆਉਂਦਾ ਹੈ ਮੁਕੰਦ ਤੇ ਉਹ ਬਿਨਾ ਕੁਝ ਬੋਲੇ ਘਰੋਂ ਬਾਹਰ ਨਿਕਲ ਜਾਂਦੇ ਹਨ।
ਪਿੱਛੋਂ ਕੁਲਵੰਤ ਬਾਹਰ ਆਉਂਦੀ ਹੈ। ਵਾਲ ਥੋੜ੍ਹੇ ਜਿਹੇ ਖਿਲਰੇ ਹੋਏ, ਚਿਹਰਾ ਉੱਤਰਿਆ ਹੋਇਆ ਤੇ ਅੱਖਾਂ ਚੋੜੀਆਂ ਹਨ। ਚੁੱਪ ਚਾਪ ਆ ਕੇ ਸੋਫੇ ਤੇ ਬੈਠ ਜਾਂਦੀ ਹੈ ਅਤੇ ਫਰਸ਼ ਤੇ ਅੱਖਾਂ ਗੱਡ ਲੈਂਦੀ ਹੈ। ਫੇਰ ਉੱਠਦੀ ਹੈ ਤੇ ਕਿਚਨ ਵੱਲ ਚਲੀ ਜਾਂਦੀ ਹੈ ਪਰ ਐਵੇਂ ਹੀ ਵਾਪਸ ਆ ਜਾਂਦੀ ਹੈ। ਫੇਰ ਉੱਠਦੀ



ਹੈ ਤੇ ਨਿਗ੍ਹਾ ਗੱਡ ਕੇ ਛੱਤ ਤੇ ਵੇਖਣ ਲੱਗ ਜਾਂਦੀ ਹੈ। ਦੋਨਾਂ ਹੱਥਾਂ ਵਿੱਚ ਸਿਰ ਘੁੱਟ ਕੇ ਬੈਠ ਜਾਂਦੀ ਹੈ ਤੇ ਸੋਫੇ ਨਾਲ ਢੋ ਲਾ ਕੇ ਨਿਗ੍ਹਾ ਫੇਰ ਛੱਤ ਤੇ ਗੱਡ ਲੈਂਦੀ ਹੈ। ਬਾਹਰੋਂ ਠੱਕ ਠੱਕ ਹੁੰਦੀ ਹੈ, ਕੁਲਵੰਤ ਉਵੇਂ ਹੀ ਬੈਠੀ ਰਹਿੰਦੀ ਹੈ। ਠੱਕ ਠੱਕ ਲੱਗਾਤਾਰ ਹੁੰਦੀ ਹੈ। ਉਹ ਇਕ ਦਮ ਤ੍ਰਭਕ ਕੇ ਉਠਦੀ ਹੈ ਤੇ ਹੋਲੀ ਹੌਲੀ ਬੂਹੇ ਵਲ ਨੂੰ ਜਾਂਦੀ ਹੈ। ਬੂਹਾ ਖੋਲ੍ਹਦੀ ਹੈ]

**ਪਰਮਿੰਦਰ** :

ਹਾਇ ਕੁੱਲੀ, ਆਈ ਐਮ ਬੈਕ, ਦੇਖਿਆ ਕਿੰਨੀ ਜਲਦੀ ਆ ਗਈ ? ਪ੍ਰੋਫੈਸਰ ਚੰਦਰੇ ਨੇ ਤਾਂ ਚਾਹ ਦਾ ਕੱਪ ਵੀ ਨਹੀਂ ਪਿਆਇਆ, ਚੱਲ ਚਾਹ ਬਣਾ।

[ਕੁਲਵੰਤ ਮਾਸੂਮ ਜਿਹਾ ਮੁਸਕਾਉਂਦੀ ਹੈ ਤੇ ਉਸ ਵੱਲ ਧਿਆਨ ਨਾਲ ਵੇਖਦੀ ਹੈ]

**ਕੁਲਵੰਤ** :

(ਹੌਲੀ ਜਿਹੀ ਸਿਰ ਹਿਲਾ ਕੇ) ਓ. ਕੇ, ਮੈਂ ਚਾਹ ਬਣੋਂਦੀ ਆਂ।

**ਪਰਮਿੰਦਰ** :

ਕੁੱਲੀ ਤੂੰ ਠੀਕ ਤਾਂ ਹੈ ਨਾਂ ?

**ਕੁਲਵੰਤ** :

ਹਾਂ ਮਿੰਦੀ ਮੈਂ ਠੀਕ ਆਂ।

**ਪਰਮਿੰਦਰ** :

ਜੋਅ ਨਹੀਂ ਆਇਆ ਅਜੇ ?

**ਕੁਲਵੰਤ** :

ਆਏ ਸੀ...ਆ ਕੇ ਚਲੇ ਗਏ।

**ਪਰਮਿੰਦਰ** :

ਚਲੇ ਗਏ ? ਕਿਥੇ ?

**ਕੁਲਵੰਤ** :

ਪਤਾ ਨਹੀਂ ।

**ਪਰਮਿੰਦਰ** :

ਪਤਾ ਨਹੀਂ ? ਵੱਟ ਯੂ ਮੀਨ ? ਤੈਨੂੰ ਨਹੀਂ ਪਤਾ ਤਾਂ ਹੋਰ ਉਹਦੇ ਜਣਦਿਆਂ ਨੂੰ ਪਤੈ ?

**ਕੁਲਵੰਤ** :

ਹਾਂ ।

**ਪਰਮਿੰਦਰ** :

ਕੀ ?...ਤੇਰਾ ਸਿਰ ਦੁਖਦੈ ਕੁਲੀ ?

**ਕੁਲਵੰਤ** :

(ਸਿਰ ਹਿਲਾਕੇ) ਹਾਂ ।

**ਪਰਮਿੰਦਰ** :

ਤੂੰ ਐਨਾ ਸੋਚੀ ਕੀ ਜਾਨੀ ਐਂ ? ਨਾਂ ਮੈਨੂੰ ਦਸਦੀਂ ਐ ਕੁੱਝ, ਨਾਂ ਚੱਜ ਨਾਲ ਕੋਈ ਗੱਲ ਕਰਦੀ ਐਂ । ਮੇਰੇ ਇਥੇ ਆਉਣ ਤੇ ਖੁਸ਼ ਨੀਂ ਤੂੰ ?

**ਕੁਲਵੰਤ** :

[ਕੁਲਵੰਤ ਮਾਸੂਮ ਜਿਹਾ ਮੁਸਕ੍ਰਾਉਂਦੀ ਹੈ ਤੇ ਇਕ ਦਮ ਪਰਮਿੰਦਰ ਨੂੰ ਚਿੰਬੜ ਜਾਂਦੀ ਹੈ । ਪਰਮਿੰਦਰ ਦਾ ਚਿਹਰਾ ਖਿੜ ਜਾਂਦਾ ਹੈ । ਉਹ ਪਿਆਰ ਨਾਲ ਕੁਲਵੰਤ ਨੂੰ ਥਾਪੜ ਕੇ ਪਰ੍ਹੇ ਕਰਦੀ ਹੈ]

**ਪਰਮਿੰਦਰ** :

ਚੰਗਾ ਫਿਰ ਸੱਚ ਸੱਚ ਦੱਸ ਗੱਲ ਕੀ ਐ, ਨਹੀਂ ਮੈ ਚਾਹ ਨਹੀਂ ਪੀਣੀ ।

**ਕੁਲਵੰਤ** :

(ਹੌਲੀ ਜਿਹੀ) ਮਿੰਦੀ, ਪਤਾ ਨੀ ਮੇਰੇ ਸਿਰ 'ਚ ਕੀ ਹਨੇਰੀ ਜਿਹੀ ਚੱਲੀ ਜਾਂਦੀ ਐ, ਜਿਵੇਂ ਵਾ ਵਰੋਲੇ ਸ਼ੂਕਦੇ ਹੋਣ ।



**ਪਰਮਿੰਦਰ** :

ਕੁੱਲੀ, ਮੈਨੂੰ ਲਗਦੈ ਤੇਰਾ ਸਿਰ ਬਹੁਤ ਦੁਖਦੈ, ਕੋਈ ਐਸਪਰੀਨ ਵਗੈਰਾ ਹੈ ਤੇਰੇ ਕੋਲ ?

**ਕੁਲਵੰਤ** :

(ਸਿਰ ਹਿਲਾਕੇ) ਨਹੀਂ ।

**ਪਰਮਿੰਦਰ** :

ਚੰਗਾ ਜਾਹ, ਚਾਹ ਦਾ ਪਾਣੀ ਧਰ ਜਾ ਕੇ ।

[ਕੁਲਵੰਤ ਜਾਂਦੀ ਹੈ ਪਰਮਿੰਦਰ ਆਪਣਾ ਸੂਟਕੇਸ ਖੋਲ੍ਹ ਕੇ ਬੈਠ ਜਾਂਦੀ ਹੈ । ਕੁਝ ਦੇਰ ਪਿੱਛੋਂ ਕੁਲਵੰਤ ਕਾਹਲੀ ਕਾਹਲੀ ਬਾਹਰ ਆਉਂਦੀ ਹੈ]

**ਕੁਲਵੰਤ** :

ਮਿੰਦੀ, ਮੈਨੂੰ ਅੰਦਰੋਂ ਡਰ ਲਗਦੈ ।

**ਪਰਮਿੰਦਰ** :

(ਹੱਸ ਕੇ) ਆਪਣੇ ਘਰੋਂ ਡਰ ਲਗਦੈ ? ਝੱਲੀ ਜਿਹੀ ਨਾਂ ਹੋਵੇ ਤਾਂ, ਤੈਨੂੰ ਹੋਈ ਕੀ ਜਾਂਦੈ ?

**ਕੁਲਵੰਤ** :

(ਘਬਰਾਈ ਹੋਈ ਅਵਾਜ 'ਚ) ਨਹੀਂ ਮਿੰਦੀ ਤੂੰ ਮੇਰੇ ਨਾਲ ਅੰਦਰ ਚੱਲ, ਬੈੱਡਰੂਮ 'ਚ । ਨਿੱਕੀ ਦੇ ਸਰ੍ਹਾਣੇ ਕੋਈ ਕਾਲੇ ਕੱਪੜਿਆਂ ਵਾਲੀ ਬੁੜ੍ਹੀ ਖੜੀ ਐ ।

**ਪਰਮਿੰਦਰ** :

ਚਲ ਦਿਖਾ ਕਿਥੇ ਖੜ੍ਹੀ ਐ ਤੇਰੀ ਬੁੱਢੀ ?

[ਪਰਮਿੰਦਰ ਅੰਦਰ ਜਾਂਦੀ ਹੈ, ਪਰ ਕੁਲਵੰਤ ਬੈੱਡਰੂਮ ਦੇ ਬੂਹੇ ਚੋਂ ਈ ਵਾਪਸ ਆ ਜਾਂਦੀ ਹੈ । ਪਰਮਿੰਦਰ ਇਕ ਨੀਲੀ ਚਾਦਰ ਚੁੱਕ ਕੇ ਲਿਆਉਂਦੀ ਹੈ]

**ਪਰਮਿੰਦਰ** :

(ਹੱਸ ਕੇ) ਲੈ ਆਹ ਐ ਤੇਰੀ ਕਾਲੇ ਕੱਪੜਿਆਂ ਵਾਲੀ ਬੁੱਢੀ, ਕਹੇਂ ਤਾਂ

ਗੁੱਤ ਪੱਟ ਕੇ ਹੱਥ 'ਚ ਫੜਾ ਦਿਆਂ ਇਹਦੀ ?

**ਕੁਲਵੰਤ :**

ਨਹੀਂ, ਮੈਨੂੰ ਤਾਂ ਸੱਚੀਂ ਦਿਸੀ ਸੀ ।

**ਪਰਮਿੰਦਰ :**

ਅੱਜ ਕਲ੍ਹ ਸਾਇੰਸ ਦੇ ਯੁੱਗ ਵਿੱਚ, ਫੇਰ ਕਨੇਡਾ ਵਰਗੇ ਮੁਲਕ ਵਿੱਚ ਰਹਿ ਕੇ ਵੀ ਤੈਨੂੰ ਭੂਤਾਂ ਦਿਸੀ ਜਾਂਦੀਆਂ ਕੁੱਲੀ । ਨਾਲੇ ਤੂੰ ਗੌਰਮਿੰਟ ਕਾਲਜ ਦੀ ਗ੍ਰੈਜੂਏਟ ਐਂ, ਇਹੋ ਜਿਹੇ ਫਜ਼ੂਲ ਵਹਿਮ ? ਜਾਹ ਚਾਹ ਦਾ ਕੱਪ ਬਣਾ ।

**ਕੁਲਵੰਤ :**

ਤੂੰ ਮੇਰੇ ਨਾਲ ਚੱਲ ਕਿਚਨ ਵਿੱਚ ।

**ਪਰਮਿੰਦਰ :**

ਚੱਲ ਬਾਬਾ ਤੇਰੀ ਆਦਤ ਓਹੀ ਰਹੀ ਕਾਲਜ ਦੇ ਦਿਨਾਂ ਵਾਲੀ, ਉਥੇ ਵੀ ਜਦੋਂ ਮੈਥੋਂ ਚਾਹ ਬਣਵਾਉਣੀ ਹੁੰਦੀ ਸੀ ਤੈਨੂੰ ਕਿਚਨ ਵਿੱਚ ਚੁੜੇਲਾਂ ਦਿਸਣ ਲੱਗ ਪੈਂਦੀਆਂ ਸਨ ।

**ਕੁਲਵੰਤ :**

(ਤਰਲੇ ਨਾਲ) ਮਿੰਦੀ ਤੂੰ ਭੈਣ ਬਣਕੇ ਥੋੜੇ ਜਿਹੇ ਹਫਤੇ ਮੇਰੇ ਕੋਲ ਰਹਿ ਪਾ । ਤੂੰ ਕਿਹੜਾ ਅਜੇ ਵਿਆਹੀ ਐਂ । ਮੇਰੇ ਤਾਂ ਦਿਮਾਗ ਨੂੰ ਪਤਾ ਨੀ ਕੀ ਹੋਈ ਜਾਂਦੈ...ਤੂੰ ਮਿੰਨੀ ਤੇ ਨਿੱਕੀ ਨੂੰ ਸਾਂਭ ਲਈਂ...ਸੱਚੀਂ ਬੜੀਆਂ ਪਿਆਰੀਆਂ ਕੁੜੀਆਂ ਨੇ ।

**ਪਰਮਿੰਦਰ :**

ਕੁਝ ਹਫਤੇ ? ਮੈਂ ਤਾਂ ਅੱਜ ਦੀ ਰਾਤ ਵੀ ਮਸਾਂ ਆਈ ਆਂ ਤੇਰੇ ਕੋਲ । ਕੰਮ ਬਹੁਤ ਜ਼ਿਆਦਾ ਐ । ਥੀਸਿਜ ਦਾ ਫਾਹਾ ਮੁਕਾ ਕੇ ਹੀ ਆਊਂ ਕੁਝ ਦਿਨਾਂ ਲਈ ਤੇਰੇ ਕੋਲ ?

**ਕੁਲਵੰਤ :**

ਅੱਜ ਦੀ ਰਾਤ ਈ ?



**ਪਰਮਿੰਦਰ :**

ਕਿਉਂ ਕੀ ਗੱਲ ?

**ਕੁਲਵੰਤ :**

ਤੇ ਫੇਰ ਮੈ ਕੀ ਕਰੂੰ ?

**ਪਰਮਿੰਦਰ :**

ਤੂੰ ਅੱਗੇ ਕੀ ਕਰਦੀ ਹੁੰਨੀ ਐਂ ? ਕਾਲੇ ਕਪੜਿਆਂ ਵਾਲੀਆਂ ਭੂਤਾਂ ਨੂੰ ਬੁਲਾ ਕੇ ਆਪਣੇ ਨਾਲ ਰੱਖ ਲੈ ਕੰਪਨੀ ਵਾਸਤੇ ।

**ਕੁਲਵੰਤ :**

(ਉੱਚੀ ਚੀਕ ਕੇ) ਮਿੰਦੀ ਆਹ ਵੇਖ ਉਹੀ ਬੁੜ੍ਹੀ ਫੇਰ ਮੇਰੇ ਵੱਲ ਨੂੰ ਆਉਂਦੀ ਐ । ਜੋਅ ਦੇ ਹੱਥ 'ਚ ਹੱਥ ਪਾਈ ਆਉਂਦੀ ਐ ।

**ਪਰਮਿੰਦਰ :**

(ਹੈਰਾਨੀ ਤੇ ਫਿਕਰ ਨਾਲ ਕੁਲਵੰਤ ਵੱਲ ਤੱਕ ਕੇ) ਕੁੱਲੀ !

[ਕੁਲਵੰਤ ਦੀਆਂ ਅੱਖਾਂ ਡਰ ਨਾਲ ਚੌੜੀਆਂ ਹੋ ਜਾਂਦੀਆਂ ਹਨ ਤੇ ਫਿਰ ਬੰਦ ਹੋ ਜਾਂਦੀਆਂ ਹਨ । ਉਹ ਉਥੇ ਈ ਢੇਰੀ ਜਿਹੀ ਹੋ ਜਾਂਦੀ ਐ]

**ਪਰਮਿੰਦਰ :**

(ਘਬਰਾ ਕੇ ਕੁਲਵੰਤ ਨੂੰ ਫੜਦੀ ਹੈ ਤੇ ਉਹਦਾ ਮੂੰਹ ਏਧਰ ਉਧਰ ਝਟਕਦੀ ਐ) ਕੁੱਲੀ ? ਕੁੱਲੀ ? ਹੋਸ਼ ਵਿਚ ਆ ।

[ਉਹਨੂੰ ਚੁੱਕ ਕੇ ਸੋਫੇ ਤੇ ਲਿਟਾਉਂਦੀ ਐ ਤੇ ਮੂੰਹ ਤੇ ਪਾਣੀ ਦੇ ਛੱਟੇ ਮਾਰਦੀ ਹੈ । ਘਬਰਾਹਟ ਵਿੱਚ ਇੱਧਰ ਉਧਰ ਘੁੰਮਦੀ ਹੈ । ਫੇਰ ਕੁਝ ਸੋਚ ਕੇ ਕੁਲਵੰਤ ਨੂੰ ਹੋਸ਼ ਵਿੱਚ ਲਿਆਉਣ ਦਾ ਯਤਨ ਕਰਦੀ ਹੈ । ਕੁਲਵੰਤ ਥੋੜ੍ਹੇ ਚਿਰ ਪਿਛੋਂ ਅੱਖਾਂ ਖੋਲ੍ਹਦੀ ਹੈ ਪਰਮਿੰਦਰ ਉਸ ਨੂੰ ਸਹਾਰਾ ਦੇ ਕੇ ਸੋਫੇ ਤੇ ਬਿਠਾ ਦਿੰਦੀ ਹੈ ਤੇ ਪਾਣੀ ਪਿਆਉਂਦੀ ਹੈ । ਕੁਲਵੰਤ ਹੌਲੀ ਹੌਲੀ ਗਰਦਨ ਹਿਲਾਉਂਦੀ ਹੈ । ਅੱਖਾਂ ਬਿਨਾ ਝਮਕਣ ਤੋਂ ਇਕ ਸਾਰ ਖੁੱਲ੍ਹੀਆਂ ਤੇ ਚੌੜੀਆਂ ਹਨ]

**ਕੁਲਵੰਤ :**

(ਪਰਮਿੰਦਰ ਵੱਲ ਮੂੰਹ ਕਰਕੇ) ਮਾਂ, ਮੇਰੀ ਮੈਰਿਜ ਕਨੇਡਾ ਕਰਨ ਲੱਗੇ ਐਂ ?

**ਪਰਮਿੰਦਰ :**

(ਉੱਚੀ ਅਵਾਜ ਵਿੱਚ ਤੇ ਕੁਲਵੰਤ ਨੂੰ ਝੰਜੋੜ ਕੇ) ਕੁੱਲੀ, ਕੁੱਲੀ ਮੈਂ ਤੇਰੀ ਮਾਂ ਨਹੀਂ, ਮੈਂ ਮਿੰਦੀ ਆ ਮਿੰਦੀ, ਤੂੰ ਇੰਡੀਆ 'ਚ ਨਹੀਂ ਕੈਨੇਡਾ 'ਚ ਐਂ ?

**ਕੁਲਵੰਤ :**

ਮਾਂ, ਮੈਨੂੰ ਸੱਚੀਂ ਬੜੇ ਅਜੀਬ ਅਜੀਬ ਖਿਆਲ ਆਉਂਦੇ ਐ...ਕਨੇਡਾ ਕਿਹੋ ਜਿਹਾ ਦੇਸ਼ ਹੋਵੇਗਾ ? ਇਕ ਦਮ ਐਡਵਾਂਸਡ, ਸਿਵਲਾਈਜ਼ਡ। ਕਿੰਨਾ ਕੁੱਝ ਨਵਾਂ ਹੋਵੇਗਾ...ਲਾਈਫ ਕਿੰਨੀ ਈਜ਼ੀ। ਮੈ ਉਥੇ ਜਾ ਕੇ ਤੁਹਾਨੂੰ ਭੁਲਾਂਗੀ ਨਹੀਂ...ਤੁਹਾਨੂੰ ਚਿੱਠੀਆਂ'ਚ ਉਥੋਂ ਦਾ ਹਾਲ ਲਿਖਿਆ ਕਰੂੰਗੀ। ਮੈਂ ਸੱਚ ਮੁੱਚ ਕਿੰਨੀ ਖੁਸ਼ਕਿਸਮਤ ਹਾਂ ਮਾਂ...ਤੁਸੀਂ ਕਿੰਨੇ ਚੰਗੇ ਓ...ਮੈਂ ਤਾਂ ਨਿਰੀ ਕਮਲੀ ਰਮਲੀ ਹਾਂ ਮਾਂ ਉਹ ਤਾਂ ਜਰੂਰ ਕੋਈ ਸੁਘੜ ਸਿਆਣਾ ਹੋਵੇਗਾ ਜਿਸ ਨੂੰ ਤੁਸੀਂ ਮੇਰੇ ਲਈ ਚੁਣਿਆ ਹੈ... ਕਨੇਡਾ ਵਿੱਚ ਘਰ ਹੋਵੇਗਾ...ਬੱਚੇ ਹੋਣਗੇ ਪਿਆਰੇ ਪਿਆਰੇ...ਨਿਰਾ ਸਵਰਗ ਮਾਂ, ਨਿਰਾ ਈ ਸਵਰਗ.........।

**ਪਰਮਿੰਦਰ :**

(ਕੁਲਵੰਤ ਨੂੰ ਜੋਰ ਦੀ ਝੰਜੋੜ ਕੇ) ਕੁੱਲੀ ਕੁੱਲੀ ਕੁੱਲੀ...ਹੋਸ਼ ਵਿੱਚ ਆ ਕੁੱਲੀ, ਮੈਂ ਮਿੰਦੀ ਆਂ--ਤੇਰੀ ਸਹੇਲੀ, ਤੇਰੀ ਪਿਆਰੀ ਸਹੇਲੀ, ਹੋਸ਼ ਵਿੱਚ ਆ ਕੁੱਲੀ। ਮੈ ਤੇਰੇ ਕੋਲ ਈ ਰਹੂੰਗੀ।

[ਕੁੱਲੀ ਦੇ ਸਿਰ ਨੂੰ ਝਟਕਾ ਜਿਹਾ ਲੱਗਦਾ ਹੈ। ਅੱਖਾਂ ਬੰਦ ਕਰਕੇ ਫੇਰ ਖੋਲ੍ਹਦੀ ਹੈ]

**ਕੁਲਵੰਤ :**

(ਹੌਲੀ ਜਿਹੀ ਅਵਾਜ 'ਚ) ਮਿੰ...ਦੀ...



**ਪਰਮਿੰਦਰ :**

(ਕਾਹਲੀ ਕਾਹਲੀ) ਹਾਂ, ਹਾਂ, ਕੁੱਲੀ ਮੈਂ ਮਿੰਦੀ ਹਾਂ ਮਿੰਦੀ ਤੇਰੀ ਸਹੇਲੀ ਮਿੰਦੀ, ਤੂੰ ਠੀਕ ਐ ਨਾ ?

**ਕੁਲਵੰਤ :**

ਮਿੰਦੀ ਮੇਰਾ ਸਿਰ ਬਹੁਤ ਦੁਖਦਾ ਹੈ, ਪਲੀਜ਼ ਪਾਣੀ ਲਿਆ ਦੇ......

**ਪਰਮਿੰਦਰ :**

ਹਾਂ ਹਾਂ ਹੁਣੇ ਲਿਆਈ। ਮੈਂ ਤੇਰੇ ਵਾਸਤੇ ਚਾਹ ਬਣੌਂਦੀ ਹਾਂ ਕੁੱਲੀ, ਤੂੰ ਜਰਾ ਤਕੜੀ ਹੋ।

[ਪਰਮਿੰਦਰ ਕੁਲਵੰਤ ਨੂੰ ਬਿਠਾ ਕੇ ਕਿਚਨ 'ਚ ਚਾਹ ਦਾ ਪਾਣੀ ਰੱਖਦੀ ਹੈ ਤੇ ਫੇਰ ਟੈਲੀਫੋਨ ਕੋਲ ਆ ਕੇ ਡਾਇਰੈਕਟਰੀ ਫੋਲਦੀ ਹੈ। ਨੰਬਰ ਲੱਭ ਕੇ ਐਮਰਜੈਂਸੀ ਡਾਕਟਰ ਲਈ ਫੋਨ ਕਰਦੀ ਹੈ। ਫੋਨ ਕਰਕੇ ਵਾਪਸ ਕਿਚਨ ਵਿੱਚ ਜਾਂਦੀ ਹੈ ਤੇ ਕੱਪ ਵਿੱਚ ਚਾਹ ਪਾ ਕੇ ਕੁਲਵੰਤ ਕੋਲ ਲਿਆਉਂਦੀ ਹੈ। ਕੁਲਵੰਤ ਫੇਰ ਪਰਮਿੰਦਰ ਦੀਆਂ ਅੱਖਾਂ ਵਿਚ ਅਜੀਬ ਤੇ ਡਰੌਣੀ ਨਿਗ੍ਹਾ ਨਾਲ ਟਿਕਟਿਕੀ ਲਾ ਕੇ ਵੇਖਦੀ ਹੈ]

**ਪਰਮਿੰਦਰ :**

ਕੁੱਲੀ, ਲੈ ਚਾਹ

**ਕੁਲਵੰਤ :**

ਜੋਅ, ਤੂੰ ਮੇਰੇ ਵਾਸਤੇ ਚਾਹ ਲਿਆਇਆ ਐਂ...

[ਉੱਚੀ ਉੱਚੀ ਹੱਸਦੀ ਹੈ।
ਮਿੰਦੀ ਇਕ ਦਮ ਘਬਰਾ ਜਾਂਦੀ ਹੈ। ਚਾਹ ਰੱਖ ਕੇ ਜੋਰ ਜੋਰ ਦੀ ਕੁਲਵੰਤ ਨੂੰ ਹਲੂਣਦੀ ਹੈ]

**ਪਰਮਿੰਦਰ :**

(ਉੱਚੀ ਅਵਾਜ ਵਿੱਚ) ਕੁੱਲੀ, ਮੈਂ ਜੋਅ ਨਹੀਂ, ਮਿੰਦੀ ਹਾਂ ਮਿੰਦੀ।

ਵੇਖ ਤੇਰੀ ਸਹੇਲੀ ਮਿੰਦੀ, ਹੋਸ਼ ਵਿੱਚ ਆ ਕੁੱਲੀ ਮੈਂ ਮਿੰਦੀ ਆਂ।

**ਕੁਲਵੰਤ** :

ਜੋਅ, ਮੈਂ ਪਖੰਡ ਨਹੀਂ ਕਰਦੀ, ਸੱਚ ਮੁੱਚ ਪਖੰਡ ਨੀਂ...ਮੈਨੂੰ ਤਾਂ ਐਵੇਂ ਸੁਪਨੇ ਵੇਖਣ ਦੀ ਆਦਤ ਹੈ। ਜਦੋਂ ਕਵਾਰੀ ਸੀ ਤਾਂ ਬਹੁਤ ਸੁਪਨੇ ਵੇਖਿਆ ਕਰਦੀ ਸਾਂ। ਇਕ ਦਿਨ ਮਾਂ ਕਹਿੰਦੀ, ਤੇਰੇ ਸੁਪਨੇ ਕਨੇਡਾ ਜਾ ਕੇ ਪੂਰੇ ਹੋਣਗੇ, ਜੋਅ ਤੇਰੇ ਸੁਪਨਿਆਂ 'ਚ ਗੂੜ੍ਹਾ ਰੰਗ ਭਰੇਗਾ... ਪਰ ਮਾਂ ਨੇ ਮੇਰੇ ਨਾਲ ਧੋਖਾ ਕੀਤਾ...ਮਾਂ ਤਾਂ ਮੇਰੇ ਨਾਲ ਬਹੁਤ ਪਿਆਰ ਕਰਦੀ ਸੀ ਜੋਅ, ਫੇਰ ਉਸਨੇ ਮੇਰੇ ਨਾਲ ਦਗਾ ਕਿਉਂ ਕੀਤਾ...ਉਹ ਤਾਂ ਕਹਿੰਦੀ ਸੀ ਤੇਰੇ ਸੁਪਨਿਆਂ 'ਚ ਰਾਤ ਰਾਣੀ ਦੀ ਮਹਿਕ ਹੋਵੇਗੀ। ਤੇ ਜਦੋਂ ਮੈਂ ਤੇਰੇ ਮੂੰਹ ਕੋਲ ਮੂੰਹ ਕਰਨ ਲੱਗਦੀ ਹਾਂ ਤਾਂ ਸੁਪਨੇ 'ਚ ਸ਼ਰਾਬ ਦੀ ਸੜਹਾਂਦ ਭਰ ਜਾਂਦੀ ਹੈ...ਮਾਂ ਨੇ ਧੋਖਾ ਕੀਤਾ ਜੋਅ...ਮੇਰਾ ਬੋਲਣ ਨੂੰ ਜੀ ਨੀ ਕਰਦਾ...ਪਰ ਸੱਚ ਜਾਣੀਂ ਜੋਅ, ਮੈਂ ਪਖੰਡ ਨੀਂ ਕਰਦੀ...ਮੇਰੀ ਰੂਹ ਵਿੱਚ ਇਕ ਵਾਰ ਤਾਂ ਤੱਕ ਕੇ ਵੇਖ ਕਿੰਨਾਂ ਕੁਰਲਾਹਟ ਪੈਂਦਾ ਹੈ...ਕਿਨਾਂ ਸ਼ੋਰ ਹੈ ਉਥੇ...ਮੈਂ ਤਾਂ ਇਕ ਵਾਰ ਸੋਚਿਆ ਸੀ ਜੋਅ, ਕਿ ਬਿਜਲੀ ਵਾਂਗ ਡਿੱਗ ਪਵਾਂ ਤੇ ਫਨਾਹ ਕਰ ਦਿਆਂ ਇਹ ਸਭ ਕੁਝ...ਪਰ ਤੂੰ ਮੇਰੀ ਅੱਖ ਵਿੱਚ ਤੱਕਿਆ ਤੇ ਇਸ਼ਾਰਾ ਕੀਤਾ...ਮੁੰਡਾ ਜੰਮਦੇ, ਸਭ ਠੀਕ ਹੋ ਜਾਊਗਾ...ਪਰ ਜੋਅ ਅੜਿਆ, ਤੂੰ ਆਪੇ ਈ ਦੱਸ ਇਹ ਹੋਣੀ ਮੇਰੇ ਵੱਸ ਐ ਭਲਾ, ਬੋਲ ਵੀ ਨਾ ਜੋਅ, ਇਹ ਮੇਰੇ ਵੱਸ ਐ ? ਤੂੰ ਤਾਂ ਇਕ ਦਮ ਵਹਿਸ਼ੀ ਬਣ ਗਿਆ ਐਂ... ਬੰਦੇ ਵੀ ਕਦੇ ਇਸ ਤਰ੍ਹਾਂ ਵਹਿਸ਼ੀ ਬਣਦੇ ਐ ? ਵੇ ਜੋਅ ਵੇਖ ਤਾਂ ਸਹੀ ਇਹ ਕੁੜੀਆਂ...ਕਿੰਨੇ ਪਿਆਰੇ ਪਿਆਰੇ ਮੂੰਹ...ਤੂੰ ਤਾਂ ਅੜਿਆ ਉੱਕਾ ਈ ਪੱਥਰ ਬਣ ਗਿਐਂ......

**ਪਰਮਿੰਦਰ** :

(ਕੁਲਵੰਤ ਨੂੰ ਜੋਰ ਦੀ ਝੰਜੋੜ ਕੇ) ਕੁੱਲੀ ਕੁੱਲੀ, ਹੋਸ਼ ਵਿੱਚ ਆ ਕੁੱਲੀ



**ਕੁਲਵੰਤ** :

ਨਾ...ਨਾ...ਨਾ...ਜੋਅ, ਏਥੇ ਨਾ ਮਾਰੀਂ...ਮੇਰੇ ਪੇਟ ਤੇ ਨਾ ਮਾਰੀਂ... ਕੁੱਟਦਾ ਤਾਂ ਤੂੰ ਮੈਨੂੰ ਹਰ ਰੋਜ ਈ ਐਂ...ਮੈਂ ਕੁੱਟ ਖਾ ਕੇ ਢੀਠ ਹੋ ਚੁੱਕੀ ਹਾਂ...ਪਰ ਅੜਿਆ ਪੇਟ ਤੇ ਨਾ ਮਾਰੀਂ...ਤੈਨੂੰ ਪਤੈ ?...ਅਜੇ ਵੀ ਮੁੰਡਾ ਜੰਮ ਸਕਦੀ ਹਾਂ...ਮੁੰਡਾ...ਜੋਅ...ਮੁੰਡਾ...ਜਿਸ ਨਾਲ ਮੇਰੀ ਰੂਹ ਤੇ ਪਈਆਂ ਲਾਸਾਂ ਦੇ ਨਿਸ਼ਾਨ...ਜਿਸ ਨਾਲ ਮੈਂ...ਜੋਅ...ਤੂੰ ਸੁਣਦਾ ਐਂ, ਜੋਅ...

**ਪਰਮਿੰਦਰ** :

(ਗੁੱਸੇ ਵਿਚ)

ਜੋਅ, ਜੋਅ, ਜੋਅ...ਕਿਥੇ ਐ ਜੋਅ ? ਆਈ ਵਿੱਲ ਕਿੱਲ ਦੈਟ ਬਾਸਟਰਡ—

**ਕੁਲਵੰਤ** :

(ਉਸੇ ਤਰ੍ਹਾਂ ਮਿੰਦੀ ਦੀਆਂ ਅੱਖਾਂ ਵਿੱਚ ਟਿਕ ਟਿਕੀ ਲਾਕੇ) ਜੋਅ—

**ਪਰਮਿੰਦਰ** :

ਓ ਕੁੱਲੀ ! ਮੈਂ ਜੋਅ......

[ਕੁੱਲੀ ਜੋਰ ਜੋਰ ਦੀ ਆਪਣੇ ਮੂੰਹ ਤੇ ਥੱਪੜ ਮਾਰਦੀ ਹੈ]

**ਪਰਮਿੰਦਰ** :

(ਰੋਂਦੀ ਹੋਈ) ਮੈਂ ਲਹੂ ਪੀ ਜਾਵਾਂਗੀ ਉਸ ਬਦਮਾਸ਼ ਦਾ। ਕੁੱਲੀ ਤੂੰ ਮੈਨੂੰ ਪਹਿਲਾਂ ਕਿਉਂ ਨਹੀਂ ਦੱਸਿਆ, ਪਹਿਲਾਂ ਕਿਉਂ ਨਾ ਦੱਸਿਆ, ਜੇ ਪਹਿਲਾਂ ਦੱਸ ਦਿੰਦੀ ਤਾਂ ਤੇਰਾ ਇਹ ਹਾਲ ਨਾ ਹੁੰਦਾ।

**ਕੁਲਵੰਤ** :

ਜੋਅ......

[ਦਰਵਾਜ਼ਾ ਖੜਕਦਾ ਹੈ। ਪਰਮਿੰਦਰ, ਕੁਲਵੰਤ ਨੂੰ ਉਵੇਂ ਬੋਲਦਿਆਂ ਛੱਡ ਕੇ ਦਰਵਾਜਾ ਖੋਲ੍ਹਦੀ ਹੈ। ਡਾਕਟਰ ਅੰਦਰ ਆਉਂਦਾ ਹੈ]

**ਪਰਮਿੰਦਰ :**

ਓ ਥੈਂਕ ਗਾਡ, ਡਾਕਟਰ ਪਲੀਜ਼ ਕਮ ਇਨ

**ਡਾਕਟਰ :**

ਪੇਸ਼ੈਂਟ ਕਿਥੇ ਐ ?

**ਪਰਮਿੰਦਰ :**

ਔਹ ਸਾਹਮਣੇ ਐ, ਦਿਮਾਗ ਤੇ ਕਾਬੂ ਨਹੀਂ ਰਿਹਾ ਲੱਗਦਾ, ਬਹੁਤ ਬੋਲਦੀ ਹਟੀ ਐ ।

**ਡਾਕਟਰ :**

(ਕੁਲਵੰਤ ਵੱਲ ਜਾਂਦਾ ਹੋਇਆ) ਤੂੰ ਇਸਦੀ ?

**ਪਰਮਿੰਦਰ :**

ਸਹੇਲੀ ।

**ਡਾਕਟਰ :**

ਇਸ ਦਾ ਹੱਸਬੈਂਡ ?

**ਪਰਮਿੰਦਰ :**

ਪਤਾ ਨਹੀਂ । ਮੈਂ ਇਥੇ ਅੱਜ ਈ ਆਈ ਹਾਂ ।

[ਕੁਲਵੰਤ ਹੁਣ ਚੁੱਪ ਹੈ । ਡਾਕਟਰ ਉਸਦੇ ਸਿਰਹਾਣੇ ਕੋਲ ਆਪਣਾ ਸ਼ੀਸ਼ੀਆਂ ਵਾਲਾ ਡੱਬਾ ਰੱਖ ਕੇ ਉਸ ਨੂੰ ਚੰਗੀ ਤਰ੍ਹਾਂ ਵੇਖਦਾ ਹੈ । ਪਰਮਿੰਦਰ ਬਹੁਤ ਉਤ-ਸੁਕਤਾ ਨਾਲ ਡਾਕਟਰ ਦੀ ਹਰ ਗੱਲ ਸੁਣਦੀ ਹੈ]

**ਡਾਕਟਰ :**

ਇਸਨੂੰ ਡਰ ਅਤੇ ਚਿੰਤਾ ਬਹੁਤ ਦੇਰ ਤੋਂ ਰਹੀ ਲੱਗਦੀ ਹੈ । ਦਿਮਾਗ ਤੇ ਇਤਨਾ ਬੋਝ ਹੈ ਕਿ ਉਸਨੇ ਹਾਰ ਕੇ ਕੰਮ ਕਰਨ ਤੋਂ ਜਵਾਬ ਦੇ ਦਿੱਤਾ ਹੈ ।

**ਪਰਮਿੰਦਰ :**

ਡਾਕਟਰ, ਕੀ ਇਹ ਫੇਰ ਨਾਰਮਲ ਹੋ ਜਾਏਗੀ ? ਕਿਸੇ ਅੰਗ ਵਿੱਚ



ਨੁਕਸ ਤਾਂ ਨਹੀਂ ?

[ਜਗਮੇਲ ਅੰਦਰ ਦਾਖਲ ਹੁੰਦਾ ਹੈ । ਪਹਿਲਾਂ ਕਾਹਲੀ ਕਾਹਲੀ ਏਧਰ ਉਧਰ ਵੇਖਦਾ ਹੈ ਜਿਵੇਂ ਕੋਈ ਚੀਜ ਭੁੱਲ ਗਿਆ ਹੋਵੇ । ਫੇਰ ਹੈਰਾਨੀ ਨਾਲ ਡਾਕਟਰ ਤੇ ਪਰਮਿੰਦਰ ਵੱਲ ਵੇਖਦਾ ਹੈ ਤੇ ਸਿੱਧਾ ਉਨ੍ਹਾਂ ਕੋਲੇ ਆਉਂਦਾ ਹੈ । ਡਾਕਟਰ ਤੇ ਪਰਮਿੰਦਰ ਉਸ ਵਲ ਵੇਖ ਕੇ ਫੇਰ ਗੱਲਾਂ ਕਰਨ ਲੱਗ ਪੈਂਦੇ ਹਨ]

**ਡਾਕਟਰ :**

ਨਾਰਮਲ ਹੋਣ ਬਾਰੇ ਪੂਰੇ ਭਰੋਸੇ ਨਾਲ ਨਹੀਂ ਕਿਹਾ ਜਾ ਸਕਦਾ, ਇਸਨੂੰ ਕੁੱਟਮਾਰ ਵੀ ਬਹੁਤ ਪਈ ਲਗਦੀ ਹੈ । ਹੋ ਸਕਦੈ ਕੋਈ ਉਪਰੇਸ਼ਨ ਹੀ ਕਰਨਾ ਪਵੇ ।

**ਪਰਮਿੰਦਰ :**

ਉਪਰੇਸ਼ਨ ?

[ਉਪਰੇਸ਼ਨ ਦਾ ਨਾਂ ਸੁਣ ਕੇ ਕੁਲਵੰਤ ਇਕ ਦਮ ਝਟਕੇ ਨਾਲ ਉੱਠਦੀ ਹੈ]

**ਕੁਲਵੰਤ :**

ਓਪਰੇਸ਼ਨ ? ਕੀ ਕਿਹਾ ਉਪਰੇਸ਼ਨ ਕਾਮਯਾਬ ਹੋ ਗਿਆ ? ਕਿਥੇ ਐ... ਕਿਥੇ ਐ...ਮੇਰਾ ਮੁੰਡਾ ਕਿਥੇ ਐ...?
(ਫਟਾ ਫਟ ਡਾਕਟਰ ਦੇ ਸਮਾਨ ਵਾਲਾ ਡੱਬਾ ਚੁੱਕ ਲੈਂਦੀ ਹੈ । ਫੇਰ ਜੋਅ ਵਲ ਮੂੰਹ ਕਰਕੇ) ਜੋਅ, ਦੇਖ ਐਧਰ, ਜੋਅ ਦੇਖ...ਦੇਖ... ਮੁੰਡਾ...ਜੋਅ ਤੇਰਾ ਮੁੰਡਾ...ਦੇਖ ਉਪਰੇਸ਼ਨ ਕਾਮਯਾਬ ਹੋ ਗਿਆ । ਹੁਣ ਤਾਂ ਤੂੰ ਖੁਸ਼ ਐਂ ਨਾ, ਹੁਣ ਤਾਂ ਹੱਸ ਕੇ ਬੋਲੇਂਗਾ ਨਾ ?

[ਡਾਕਟਰ ਤੇ ਪਰਮਿੰਦਰ ਖਾਮੋਸ਼ ਜਕੋ ਤੱਕੀ ਵਿੱਚ ਖੜ੍ਹੇ ਹਨ । ਕੁਲਵੰਤ ਡੱਬਾ ਜਗਮੇਲ ਦੇ ਕੋਲ ਕਰਕੇ ਛੱਡ ਦਿੰਦੀ ਹੈ । ਡੱਬਾ ਫਰਸ਼ ਤੇ ਡਿਗਣ ਨਾਲ ਸ਼ੀਸ਼ੀਆਂ ਟੁੱਟ ਜਾਂਦੀਆਂ ਹਨ । ਕੁਲਵੰਤ ਜੋਰ ਜੋਰ ਦੀ ਹੱਸਦੀ ਹੈ]

ਪਰਦਾ

# ਵੀਜ਼ਾ

**ਪਾਤਰ :**

(ਪ੍ਰਵੇਸ਼ ਅਨੁਸਾਰ)

ਮਿਸਟਰ ਸਿੰਗਲ
ਮਿੱਸ ਬੇਲੀ
ਆਦਮੀਂ
ਟ੍ਰੈਵਲ ਏਜੰਟ 1
ਟ੍ਰੈਵਲ ਏਜੰਟ 2
ਚਪੜਾਸੀ
ਪੁਲੀਸ ਅਫਸਰ
ਕਮਪਾਊਂਡਰ

**ਸਥਾਨ :**

ਦਿੱਲੀ ਅਤੇ ਪੰਜਾਬ

**ਸਮਾ :**

ਵਰਤਮਾਨ

**ਰੰਗ ਮੰਚ ਦ੍ਰਿਸ਼ਾਵਲੀ :**

ਮੰਚ ਦੇ ਸੱਜੇ ਪਾਸੇ ਕਿਸੇ ਦੇਸ਼ ਦਾ ਇਮੀਗ੍ਰੇਸ਼ਨ ਦਫਤਰ ਵਿਖਾਈ ਦਿੰਦਾ ਹੈ। ਦਫਤਰ ਦੇ ਸਾਹਮਣੇ ਦੋ ਮੇਜ ਤੇ ਦੋ ਕੁਰਸੀਆਂ ਹਨ। ਸੱਜੇ ਮੇਜ ਉੱਤੇ ਇਕ ਟਾਈਪ ਰਾਈਟਰ ਪਿਆ ਹੈ। ਕੁਝ ਫਾਈਲਾਂ ਕਾਗਜ਼ ਅਤੇ ਹੋਰ ਸਟੇਸ਼ਨਰੀ ਹੈ। ਦੂਸਰਾ ਮੇਜ ਪਹਿਲੇ ਨਾਲੋਂ ਕੁਝ ਵੱਡਾ ਅਤੇ ਜ਼ਿਆਦਾ ਸਜਿਆ ਹੋਇਆ ਹੈ। ਇਸ ਉਤੇ ਇਕ ਫੂਲਦਾਨ ਵੀ ਪਿਆ ਹੈ। ਫਾਈਲਾਂ ਆਦਿ ਚਿਣੀਆਂ ਹੋਈਆਂ ਹਨ। ਮੇਜਾਂ ਕੁਰਸੀਆਂ ਦੇ ਪਿਛੇ ਇੱਕ ਰੰਗਦਾਰ ਪਰਦਾ ਹੈ, ਪਰਦੇ ਉਪਰ ਸਾਈਨ ਬੋਰਡ ਵੀ ਹੈ ਜਿਸ ਉੱਤੇ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਮੋਟਾ ਕਰਕੇ ਲਿਖਿਆ ਹੋਇਆ ਹੈ : ਇਮੀਗ੍ਰੇਸ਼ਨ ਦਫਤਰ। ਇਹ ਪਰਦਾ ਦਫਤਰ ਦੇ ਅੰਦਰਲੇ ਬੂਹੇ ਨੂੰ ਦਰਸੌਂਦਾ ਹੈ, ਜਿਸ ਵਿਚੋਂ ਦਫਤਰ ਦੇ ਕਰਮਚਾਰੀ ਆਉਂਦੇ ਜਾਂਦੇ ਦਿਖਾਈ ਦਿੰਦੇ ਹਨ। ਮੰਚ ਦੇ ਖੱਬੇ ਪਾਸੇ ਕੋਨੇ ਵਿੱਚ ਨਾਲੋਂ ਨਾਲ ਦੋ ਪਰਦੇ ਲਟਕ ਰਹੇ ਹਨ। ਇਨ੍ਹਾਂ ਵਿਚੋਂ ਇਕ ਉੱਤੇ ਸਾਈਨ ਬੋਰਡ ਹੈ : "ਸ਼ੇਰ ਟ੍ਰੈਵਲ ਏਜੰਸੀ" ਦੂਜੇ ਉੱਤੇ ਹੈ "ਨਰ ਸਿੰਘ ਟ੍ਰੈਵਲਜ਼"। ਮੰਚ ਦੇ ਸਾਹਮਣੇ ਵਾਲੇ ਪਾਸੇ ਦੋ ਹੋਰ ਦਫਤਰ ਹਨ। ਇਹ ਦਫਤਰ ਵੀ ਕੇਵਲ ਅੱਡ ਅੱਡ ਦੇ ਪਰਦਿਆਂ ਨਾਲ ਹੀ ਵਿਖਾਏ ਜਾਂਦੇ ਹਨ। ਖੱਬੇ ਪਾਸੇ ਵਾਲੇ ਪਰਦੇ ਉੱਤੇ ਲਿਖਿਆ ਹੈ : ਸਰਕਾਰੀ ਦਫਤਰ। ਸੱਜੇ ਵਾਲੇ ਉੱਤੇ ਲਿਖਿਆ ਹੈ : ਡਾਕਟਰ ਚਤੁਰ ਸੈਨ। ਦਫਤਰਾਂ ਦੇ ਇਹ ਸਾਰੇ ਬੂਹੇ ਪਰਦਿਆਂ ਦੀ ਥਾਂ ਅਸਲੀ ਵੀ ਦਿਖਾਏ ਜਾ ਸਕਦੇ ਹਨ।

**ਰੌਸ਼ਨੀ :**

ਨਾਟਕ ਵਿੱਚ ਰੌਸ਼ਨੀ ਦੋ ਸਥਾਨਾਂ ਤੋਂ ਪਾਈ ਜਾ ਸਕਦੀ ਹੈ :

ਸਟੇਜ ਲਾਈਟ :

ਮੰਚ ਉੱਤੇ ਪੂਰੀ ਰੌਸ਼ਨੀ, ਉਪਰ, ਅਤੇ ਮੰਚ ਦੇ ਫਰਸ਼ ਉੱਤੇ ਛਿੱਟ ਕੀਤੇ ਗਏ ਬਲਬਾਂ ਨਾਲ ਪਾਈ ਜਾਂਦੀ ਹੈ। ਇਸ ਰੌਸ਼ਨੀ ਨੂੰ ਲੋੜ ਪੈਣ ਉੱਤੇ ਮੱਧਮ ਕੀਤਾ ਜਾ ਸਕਦਾ ਹੈ।

ਸੱਪਾਟ ਲਾਈਟ :

ਸੱਪਾਟ ਲਾਈਟ ਅਕਸਰ ਮੰਚ ਉੱਤੇ ਦੂਰੋਂ ਪਾਈ ਜਾਂਦੀ ਹੈ। ਇਸ ਨੂੰ ਨਾਟਕ ਦੀ ਲੋੜ ਅਨੁਸਾਰ ਅੱਡ ਅੱਡ ਦਫਤਰਾਂ ਉੱਤੇ ਪਾਇਆ ਜਾ ਸਕਦਾ ਹੈ। ਸੱਪਾਟ ਲਾਈਟ ਪੈਣ ਸਮੇਂ ਸਟੇਜ ਲਾਈਟ ਮੱਧਮ ਰਹਿੰਦੀ ਹੈ।

## ਸਮਾਂ ਅਤੇ ਸਥਾਨ :

ਇਸ ਇਕਾਂਗੀ ਵਿੱਚ ਸਮਾਂ ਅਤੇ ਸਥਾਨ ਦੋਨੋਂ ਹੀ ਬਹੁਤ ਸੁੰਗੇੜ ਦਿੱਤੇ ਗਏ ਹਨ। ਇਕਾਂਗੀ ਦਾ ਅਸਲੀ ਕਾਰਜ ਕਈ ਮਹੀਨਿਆਂ ਜਾਂ ਸਾਲਾਂ ਦੇ ਸਮੇਂ ਉੱਤੇ ਫੈਲਿਆ ਹੋਇਆ ਹੈ। ਇਸੇ ਤਰ੍ਹਾਂ ਮੰਚ ਉਤੇ ਦਿਖਾਏ ਗਏ ਦਫਤਰ, ਦਿੱਲੀ ਅਤੇ ਪੰਜਾਬ ਦੇ ਕਈ ਸ਼ਹਿਰਾਂ ਵਿੱਚ ਦਫਤਰਾਂ ਦੇ ਪ੍ਰਤੀਕ ਹਨ।

## ਨਿਰਦੇਸ਼ਨ ਸੰਕੇਤ :

ਇਸ ਇਕਾਂਗੀ ਦਾ ਉਦੇਸ਼ ਇਮੀਗ੍ਰੇਸ਼ਨ ਦੀ ਪਰਕਿਆ ਨੂੰ ਵਿਅੰਗ ਅਤੇ ਹਾਸਰਸ ਰਾਹੀਂ ਪੇਸ਼ ਕਰਨਾ ਹੈ। ਨਾਇਕ ਸਾਰੇ ਇਕਾਂਗੀ ਵਿੱਚ ਕੋਈ ਸ਼ਬਦ ਨਹੀਂ ਬੋਲਦਾ, ਇਸ ਲਈ ਉਸਦਾ ਜਜ਼ਬਾ, ਗੁੱਸਾ, ਅਕੇਵਾਂ ਭੋਲਾਪਨ, ਆਦਿ ਉਸਦੇ ਚਿਹਰੇ ਦੇ ਹਾਵਭਾਵ, ਅਦਾਵਾਂ ਅਤੇ ਤੁਰਨ ਫਿਰਨ ਦੇ ਢੰਗਾਂ ਨਾਲ ਹੀ ਪ੍ਰਗਟਾਏ ਜਾ ਸਕਦੇ ਹਨ। ਜਿਵੇਂ ਜਿਵੇਂ ਨਾਟਕ ਦਾ ਕਾਰਜ ਅੱਗੇ ਤੁਰਦਾ ਹੈ, ਨਾਇਕ ਦੇ ਤਨ ਉੱਤੋਂ ਕਪੜੇ ਘਟਦੇ ਜਾਂਦੇ ਹਨ ਅਤੇ ਉਸਦੇ ਹੱਥ ਵਿੱਚ ਕਾਗਜ਼, ਜਿਨ੍ਹਾਂ ਵਿੱਚ ਉਹ ਹਰ ਸਮੇਂ ਉਲਝਿਆ ਦਿਖਾਈ ਦਿੰਦਾ ਹੈ, ਵਧਦੇ ਜਾਂਦੇ ਹਨ। ਇਹ ਦੋ ਗੱਲਾਂ, ਦਰਸ਼ਕਾਂ ਅੱਗੇ ਸਪਸ਼ਟਤਾ ਨਾਲ ਉਘਾੜ ਸਕਣਾ ਹੀ ਨਾਟਕ ਦੀ ਸਫਲਤਾ ਦਾ ਆਧਾਰ ਕਿਹਾ ਜਾ ਸਕਦਾ ਹੈ। ਤੇ ਇਹਨਾਂ ਨੂੰ ਮੰਚ ਉੱਤੇ ਪ੍ਰਗਟਾਉਣ ਲਈ ਬਹੁਤ ਹੱਦ ਤੱਕ, ਲਿਖਣ ਦੀ ਬਜਾਇ ਨਿਰਦੇਸ਼ਕ ਉੱਤੇ ਹੀ ਛੱਡ ਦਿੱਤਾ ਗਿਆ ਹੈ।



[ਮੰਚ ਉੱਤੇ ਮੱਧਮ ਜਿਹੀ ਰੌਸ਼ਨੀ ਹੈ – ਪਿਛੋਕੜ ਵਿਚ ਚਲ ਰਿਹਾ ਸੰਗੀਤ ਹੌਲੀ ਹੌਲੀ ਬੰਦ ਹੁੰਦਾ ਹੈ। ਸੱਪਾਟਲਾਈਟ ਇਮੀਗ੍ਰੇਸ਼ਨ ਦਫਤਰ ਉਤੇ ਪੈਂਦੀ ਹੈ। ਮਿਸਟਰ ਸਿੰਗਲ ਆਪਣੇ ਫੂਲਦਾਨ ਵਾਲੇ ਮੇਜ ਤੇ ਏਧਰ ਓਧਰ ਕਾਗਜ਼ ਫੋਲ ਰਿਹਾ ਹੈ। ਉਮਰ 45 ਸਾਲ, ਨੀਲਾ ਸੂਟ, ਨਕਟਾਈ ਅਤੇ ਕਲੀਨ ਸ਼ੇਵਡ ਹੈ। ਉਹ ਨਾਲ ਨਾਲ ਕੁਝ ਗੁਣ-ਗੁਣਾ ਵੀ ਰਿਹਾ ਹੈ। ਦਫਤਰ ਅੰਦਰੋਂ ਮਿੱਸ ਬੇਲੀ ਪ੍ਰਵੇਸ਼ ਕਰਦੀ ਹੈ। ਉਮਰ ਇੱਕੀ ਬਾਈ ਦੇ ਕ੍ਰੀਬ, ਕਿਰਮਚੀ ਸਕਰਟ, ਚਿੱਟਾ ਬਲਾਊਜ਼ ਅਤੇ ਵਾਲ ਪਿੱਛੇ ਨੂੰ ਖੁਲ੍ਹੇ ਵਾਹੇ ਹੋਏ। ਹੁਣ ਸਟੇਜ ਉੱਤੇ ਪੂਰੀ ਰੌਸ਼ਨੀ ਹੁੰਦੀ ਹੈ। ਸੱਪਾਟ ਲਾਈਟ ਬੰਦ ਹੋ ਜਾਂਦੀ ਹੈ]

**ਮਿਸ ਬੇਲੀ :**

(ਸਿੰਗਲ ਵੱਲ ਮੂੰਹ ਕਰਕੇ) ਗੁੱਡ ਮੌਰਨਿੰਗ ਮਿਸਟਰ ਸਿੰਗਲ।

**ਮਿ: ਸਿੰਗਲ :**

ਗੁੱਡ ਮੌਰਨਿੰਗ ਮਿੱਸ ਬੇਲੀ।

[ਮਿੱਸ ਬੇਲੀ ਵੱਲ ਵੇਖ ਕੇ ਸਰਸਰੀ ਮੁਸਕ੍ਰੌਂਦਾ ਹੈ, ਤੇ ਫੇਰ ਪਹਿਲਾਂ ਵਾਂਗ ਹੀ ਕਾਗਜ ਵੇਖਦਾ ਹੋਇਆ]

ਸੁਣਾਓ, ਨਵੀਂ ਜਾਬ ਕਿਸ ਤਰ੍ਹਾਂ ਲੱਗ ਰਹੀ ਐ।

**ਮਿਸ ਬੇਲੀ :**

(ਮੁਸਕ੍ਰੌਂਦੀ ਹੋਈ ਤੇ ਕੁਝ ਸੰਗਦੀ ਹੋਈ) ਠੀਕ ਐ ਸਰ, ਬੜੀ ਇੰਟਰੈਸਟਿੰਗ ਜਾਪਦੀ ਐ, ਮੈਂ ਸਭ ਕੁਝ ਸਿਖਣ ਦਾ ਯਤਨ ਕਰ ਰਹੀ ਹਾਂ।

**ਮਿ: ਸਿੰਗਲ :**

ਬੱਸ ਦੋ ਚਾਰ ਹਫਤਿਆਂ ਵਿਚ ਈ ਤੁਹਾਨੂੰ ਇਸ ਦਫਤਰ ਦੇ ਸਾਰੇ ਅਸੂਲਾਂ ਦਾ ਪਤਾ ਚਲ ਜਾਵੇਗਾ। ਮਿਸਟਰ ਕਨ੍ਹਿੰਗਹੈਮ ਬਹੁਤ ਫਰੈਂਡਲੀ ਹਨ, ਉਹ ਹੀ ਆਪਣੇ ਵੱਡੇ ਬੱਸ ਅਤੇ ਇਸ ਦਫਤਰ ਦੇ ਕਰਤਾ ਧਰਤਾ ਹਨ। ਬਾਹਰ ਜਾਣ ਲਈ ਵੀਜ਼ੇ ਉੱਤੇ ਆਖਰੀ ਮੋਹਰ ਵੀ ਉਹੀ ਲਾਉਂਦੇ ਹਨ। ਪਰ ਉਹ ਅਸੂਲਾਂ ਦੇ ਬਹੁਤ ਪਾਬੰਦ ਹਨ। ਇਸ ਦਫਤਰ ਲਈ ਇਕ ਅਸੂਲ ਉਹਨਾਂ ਇਹ ਵੀ ਦੱਸਿਆ ਹੋਇਆ

ਹੈ ਕਿ ਦਫਤਰ ਆਉਣ ਵਾਲੇ ਹਰ ਕਿਸੇ ਨਾਲ ਮੁਸਕਰਾ ਕੇ ਗੱਲ ਕਰਨੀ ਹੈ।

**ਮਿਸ ਬੇਲੀ** :

ਆਉਣ ਵਾਲਾ ਬੇਸ਼ੱਕ ਕੋਈ ਹੋਵੇ ?

**ਮਿ: ਸਿੰਗਲ** :

ਹਾਂ, ਬੇਸ਼ੱਕ ਕਿਹੋ ਜਿਹਾ ਹੋਵੇ। ਤੇ ਇਕ ਅਸੂਲ ਇਹ ਯਾਦ ਰੱਖਣਾ ਹੈ ਕਿ...

[ਇਸ ਸਮੇਂ ਇੱਕ ਆਦਮੀ ਮੰਚ ਦੇ ਖੱਬੇ ਪਾਸਿਓਂ ਪ੍ਰਵੇਸ਼ ਕਰਦਾ ਹੈ ਤੇ ਸਿੱਧਾ ਇਮੀਗ੍ਰੇਸ਼ਨ ਦੇ ਦਫਤਰ ਵੱਲ ਨੂੰ ਆਉਂਦਾ ਹੈ। ਉਮਰ 30-35 ਦੇ ਕਰੀਬ, ਦਾਹੜੀ ਛੋਟੀ ਛੋਟੀ ਕੱਟੀ ਹੋਈ ਸਿਰ ਤੇ ਕੱਟੇ ਹੋਏ ਅਣਵਾਹੇ, ਤੇ ਕੁਝ ਲੰਮੇ ਵਾਲ, ਗਲ ਵਿਚ ਇਕ ਅਤਿ ਸਾਧਾਰਣ ਤੇ ਸਾਈਜ਼ ਤੋਂ ਲੰਮਾ ਕੋਟ, ਹੇਠ ਸਵੈਟਰ, ਗਲਮਾਂ ਖੁਲ੍ਹਾ, ਕਮੀਜ਼ ਦੇ ਕਾਲਰਾਂ ਵਿਚ ਵਲ, ਉਤੋਂ ਦੀ ਇਕ ਮੈਲਾ ਜਿਹਾ ਗੁਲੂ ਬੰਦ, ਸਾਧਾਰਣ ਜਿਹੀ ਪੈਂਟ ਤੇ ਬੂਟ। ਚਿਹਰੇ ਤੋਂ ਅਣ-ਜਾਣ ਜਾਪਦਾ ਹੈ ਜਿਵੇਂ ਅਜਿਹੇ ਦਫਤਰ ਵਿਚ ਪਹਿਲੀ ਵਾਰ ਆਇਆ ਹੋਵੇ। ਉਸਨੇ ਦੋਨੋਂ ਹੱਥ ਕੋਟ ਦੀਆਂ ਜੇਬਾਂ ਵਿਚ ਪਾਏ ਹੋਏ ਹਨ। ਉਹ ਜਕਦਾ ਜਕਦਾ ਕਦੇ ਮਿਸਟਰ ਸਿੰਗਲ ਅਤੇ ਕਦੇ ਮਿੱਸ ਬੇਲੀ ਵੱਲ ਵੇਖਦਾ ਹੈ ਤੇ ਆਖਿਰ ਹੌਸਲਾ ਕਰਕੇ ਮਿੱਸ ਬੇਲੀ ਵਲ ਜਾਂਦਾ ਹੈ। ਮਿੱਸ ਬੇਲੀ ਉਸ ਵੱਲ ਵੇਖ ਕੇ ਮੁਸਕ੍ਰੌਣ ਦਾ ਯਤਨ ਕਰਦੀ ਹੈ। ਮਿਸਟਰ ਸਿੰਗਲ ਆਪਣੇ ਕਾਗਜ਼ ਆਦਿ ਵੇਖਣ ਲੱਗ ਪੈਂਦਾ ਹੈ ਤੇ ਆਦਮੀਂ ਮਿੱਸ ਬੇਲੀ ਨੂੰ ਕੁਝ ਸਮਝੋਣ ਦਾ ਯਤਨ ਕਰਦਾ ਹੈ। ਦਰਸ਼ਕਾਂ ਨੂੰ ਉਹਨਾਂ ਦੀ ਕੋਈ ਗੱਲ ਬਾਤ ਸੁਣਾਈ ਨਹੀਂ



ਦਿੰਦੀ। ਇਕ ਦੋ ਮਿੰਟਾਂ ਪਿੱਛੋਂ ਮਿੱਸ ਬੇਲੀ ਸਿੰਗਲ ਕੋਲ ਆਉਂਦੀ ਹੈ]

**ਮਿੱਸ ਬੇਲੀ** :

ਇਹ ਆਦਮੀਂ ਵੀਜ਼ਾ ਲੈਣ ਵਾਸਤੇ ਆਇਐ – ਪਰ ਜਾਪਦੈ ਇਹਨੇ ਇਮੀਗ੍ਰੇਸ਼ਨ ਵਾਸਤੇ ਅਜੇ ਐਪਲਾਈ ਵੀ ਨਹੀਂ ਕੀਤਾ। ਬਹੁਤ ਅਨਾੜੀ ਹੈ।

**ਮਿ: ਸਿੰਗਲ** :

[ਨੱਕ ਚੜ੍ਹਾ ਕੇ ਸਿਰ ਹਲੌਂਦਾ ਹੈ ਜਿਵੇਂ ਅਜਿਹੇ ਆਦਮੀਆਂ ਬਾਰੇ ਪਹਿਲਾਂ ਈ ਪਤਾ ਹੋਵੇ। ਕੁਝ ਫਾਰਮ ਚੁੱਕ ਕੇ ਮਿੱਸ ਬੇਲੀ ਨੂੰ ਫੜੌਂਦਾ ਹੈ ਤੇ ਇਸ਼ਾਰੇ ਨਾਲ ਦਸਦਾ ਹੈ ਕਿ ਉਸ ਬੰਦੇ ਨੂੰ ਫੜਾ ਦੇਵੇ]

**ਮਿੱਸ ਬੇਲੀ** :

(ਬੰਦੇ ਨੂੰ ਫਾਰਮ ਫੜੌਂਦੀ ਹੋਈ) ਪਹਿਲਾਂ ਇਹ ਫਾਰਮ ਕੰਮਪਲੀਟ ਕਰ ਕੇ ਲਿਆ ਫੇਰ ਵੀਜ਼ਾ ਮਿਲੂ। ਓ. ਕੇ ?

[ਮਿੱਸ ਬੇਲੀ ਉਸਨੂੰ ਫਾਰਮ ਦੇ ਕੇ ਧਿਆਨ ਪਾਸੇ ਕਰ ਲੈਂਦੀ ਹੈ – ਬੰਦਾ ਹੈਰਾਨ ਜਿਹੀਆਂ ਨਜ਼ਰਾਂ ਨਾਲ ਕਦੇ ਫਾਰਮਾਂ ਵੱਲ ਵੇਖਦਾ ਹੈ ਤੇ ਕਦੇ ਮਿੱਸ ਬੇਲੀ ਵੱਲ, ਜਿਵੇਂ ਕੁਝ ਸਮਝ ਨਾ ਪਿਆ ਹੋਵੇ। ਫੇਰ ਹੌਲੀ ਹੌਲੀ ਮੰਚ ਦੇ ਦੂਜੇ ਪਾਸੇ ਵੱਲ ਨੂੰ ਤੁਰ ਪੈਂਦਾ ਹੈ – ਮੰਚ ਦੀ ਰੌਸ਼ਨੀ ਮੱਧਮ ਹੋ ਜਾਂਦੀ ਹੈ ਤੇ ਸੱਪਾਟ ਲਾਈਟ ਬੰਦੇ ਤੇ ਪੈਂਦੀ ਹੈ – ਜੋ ਫਾਰਮਾਂ ਨੂੰ ਵੇਖਦਾ, ਸੁਟਦਾ, ਸੰਭਾਲ ਕੇ ਚੁੱਕਦਾ ਤੇ ਸੋਚਾਂ ਵਿੱਚ ਉਲਝਿਆ ਤੁਰਦਾ ਜਾ ਰਿਹਾ ਹੈ]

**ਮਿ: ਸਿੰਗਲ** :

(ਮੱਧਮ ਰੌਸ਼ਨੀ ਵਿੱਚ) ਅਜੀਬ ਲੋਕ ਨੇ ਇਹ ਵੀ, ਵੈਰੀ ਸਟਰੇਂਜ। ਡੀਪੂ ਤੋਂ ਰਾਸ਼ਨ ਲੈਣ ਵਾਸਤੇ ਕਦੇ ਫਾਰਮ ਨਹੀਂ ਭਰ ਕੇ ਵੇਖਿਆ

ਹੋਣੈਂ, ਸਿੱਧਾ ਵੀਜ਼ਾ ਲੈਣ ਨੂੰ ਆ ਧਮਕਦੇ ਐ। ਪਿੰਡ ਦੀਆਂ ਬਰੂਹਾਂ ਕਦੇ ਟੱਪੀਆਂ ਨੀ ਹੋਣੀਆਂ ਸਿੱਧੇ ਸੱਤ ਸਮੁੰਦਰ ਪਾਰ ਕਰਨ ਨੂੰ ਤੁਰ ਪੈਂਦੇ ਐ। ਹੂੰ (ਸਿਰ ਮਾਰ ਕੇ) ਇਹ ਤਾਂ ਇਹਨਾਂ ਪੱਛਮੀ ਮੁਲਕਾਂ ਦੀ ਮਿਹਰਬਾਨੀ ਐ ਜੋ ਇਹੋ ਜਿਹੇ ਜਾਹਲਾਂ ਨੂੰ ਆਪਣੇ ਦੇਸ਼ ਵਿੱਚ ਪੈਰ ਧਰਨ ਦੇ ਦਿੰਦੇ ਹਨ ਵਰਨਾ ਕਿਥੇ...(ਮੂੰਹ ਵਿੱਚ ਈ ਬੁੜ ਬੜੌਂਦਾ ਹੈ)

[ਆਦਮੀਂ ਇਨੇ ਚਿਰ ਵਿੱਚ ਮੰਚ ਦੇ ਖੱਬੇ ਪਾਸੇ ਟ੍ਰੈਵਲ ਏਜੰਸੀਆਂ ਦੇ ਦਫਤਰਾਂ ਕੋਲ ਪਹੁੰਚ ਜਾਂਦਾ ਹੈ ਤੇ ਆਪਣੇ ਧਿਆਨ ਵਿੱਚ ਹੀ ਫਾਰਮ ਵੇਖ ਰਿਹਾ ਹੈ – ਉਸਦਾ ਮੂੰਹ ਦਰਸ਼ਕਾਂ ਅਤੇ ਇਮੀਗ੍ਰੇਸ਼ਨ ਵਾਲੇ ਪਾਸੇ ਨੂੰ ਹੈ। ਸ਼ੇਰ ਟ੍ਰੈਵਲ ਏਜੰਸੀ ਵਿਚੋਂ ਇੱਕ ਹਟਾ ਕੱਟਾ ਬੰਦਾ ਜੋ ਟ੍ਰੈਵਲ ਏਜੰਟ ਹੈ, ਨਿਕਲਦਾ ਹੈ ਤੇ ਪਿਛੋਂ ਅਚਾਨਕ ਆਦਮੀ ਦੇ ਮੋਢੇ ਤੇ ਹੱਥ ਮਾਰਦਾ ਹੈ। ਆਦਮੀ ਉਸ ਵੱਲ ਤ੍ਰਭਕ ਕੇ ਵੇਖਦਾ ਹੈ]

**ਏਜੰਟ**–1 :

(ਦੋ ਤਿੰਨ ਵਾਰ ਭਰਵੱਟੇ ਉਤਾਂਹ ਹੇਠਾਂ ਕਰਕੇ) ਕਿਉਂ, ਕਿਵੇਂ ਐ, ਕਨੇਡਾ ਜਾਣੈ ਕਿ ਵਲੈਤ, ਬੋਲ ਕਿਥੇ ਜਾਣੈ, ਪੁਚੌਣ ਦੀ ਜੁੰਮੇਵਾਰੀ ਸਾਡੀ, ਬੋਲ।

[ਆਦਮੀ ਉਸ ਵੱਲ ਹੈਰਾਨੀ ਨਾਲ ਦੇਖਦਾ ਹੈ, ਅਵਾਜ ਸੁਣ ਕੇ ਦੂਜੇ ਦਫਤਰ ਵਿਚੋਂ ਇਕ ਹੋਰ ਟ੍ਰੈਵਲ ਏਜੰਟ ਬਾਹਰ ਨਿਕਲਦਾ ਹੈ]

**ਏਜੰਟ**–2 :

ਉਇ ਤੂੰ ਇੰਗਲੈਂਡ ਜਾਣੈ, ਕਿ ਜਰਮਨੀ, ਕਿ ਕਵੈਤ ? ਐਧਰ ਆ ਜਾ, ਦੋ ਹਫਤਿਆਂ ਦੇ ਵਿੱਚ ਜੰਬੋ ਜੱਟ ਤੇ ਚੜ੍ਹਾ ਦੂੰ। (ਆਦਮੀ ਨੂੰ ਬਾਹੋਂ ਫੜਕੇ ਆਪਣੇ ਦਫਤਰ ਵਲ ਨੂੰ ਖਿੱਚਦਾ ਹੈ।

**ਏਜੰਟ**–1 :

(ਦੂਜੇ ਏਜੰਟ ਨੂੰ) ਛੱਡ ਉਇ ਤੂੰ ਪਰ੍ਹੇ ਹੋ, ਵੱਡਾ ਆਇਆ ਜੰਬੋਜੱਟ



ਦਾ ਪਾਈਲਾਟ, ਗਾਹਕ ਮੇਰਾ ਐ – ਪਹਿਲਾਂ ਮੇਰੇ ਕੋਲ ਆਇਐ।

[ਪਹਿਲਾ ਏਜੰਟ ਆਦਮੀ ਨੂੰ ਆਪਣੇ ਵੱਲ ਨੂੰ ਖਿਚਦਾ ਹੈ – ਇਸ ਖਿਚੋਤਾਣ ਵਿੱਚ ਆਦਮੀ ਥੱਲੇ ਡਿੱਗ ਪੈਂਦਾ ਹੈ। ਉਸਨੇ ਸਾਰੇ ਕਾਗਜ ਇੱਕ ਹੱਥ ਵਿੱਚ ਘੁੱਟ ਕੇ ਫੜ੍ਹੇ ਹੋਏ ਹਨ। ਪਹਿਲਾ ਏਜੰਟ ਡਿੱਗੇ ਹੋਏ ਆਦਮੀ ਨੂੰ ਪਿਛੋਂ ਮੋਢਿਆਂ ਕੋਲੋਂ ਫੜ ਕੇ ਘਸੀਟ ਕੇ ਆਪਣੇ ਦਫਤਰ ਵਿੱਚ ਲੈ ਜਾਂਦਾ ਹੈ। ਦੂਜਾ ਏਜੰਟ ਖੜਾ ਰਹਿੰਦਾ ਹੈ]

**ਏਜੰਟ**–2 :

(ਆਪਣੇ ਆਪ ਨਾਲ) ਚਲੋ, ਕੋਈ ਹੋਰ ਸਹੀ, ਤੂੰ ਨਹੀਂ ਔਰ ਸਹੀ, ਔਰ ਨਹੀਂ ਔਰ ਸਹੀ–ਓਧਰ ਕਨੇਡੇ ਤੇ ਵਲੈਤ ਨੇ ਖੁਲ੍ਹੇ ਰਹਿਣੈ, ਏਧਰ ਸਾਡੇ ਦਫਤਰਾਂ ਨੇ ਖੁਲ੍ਹੇ ਰਹਿਣੈ ਤੇ ਜਿਉਂਦੇ ਰਹਿਣ ਇਮੀਗ੍ਰੇਸ਼ਨ ਵਾਲੇ ਜਿਹੜੇ ਇਹ ਸਾਰੇ ਚੱਕਰ ਸ਼ੁਰੂ ਕਰਦੇ ਐ (ਰੌਂ ਵਿੱਚ ਆ ਕੇ) ਅਸ਼ਕੇ ਉਹਨਾਂ ਪਿਉ ਦੇ ਪੁਤਰਾਂ ਦੇ, ਉਹਨਾਂ ਨੇ ਤਾਂ ਫਾਰਮ ਈ ਐਸੇ ਬਣਾਏ ਐ, ਬਈ ਬੰਦਾ ਚਰਾਸੀ ਦੇ ਗੇੜ ਚੋਂ ਤਾਂ ਨਿਕਲ ਜੂ ਪਰ ਵੀਜ਼ੇ ਦੇ ਚੱਕਰ ਵਿਚੋਂ ਨੀ ਨਿਕਲਦਾ। ਨਾਲੇ ਚਰਾਸੀ ਦੇ ਗੇੜ ਚੋਂ ਨਿਕਲ ਕੇ ਤਾਂ ਬੰਦੇ ਦੀ ਜੂਨ ਮਿਲ ਜਾਂਦੀ ਐ ਤੇ ਵੀਜ਼ੇ ਦੇ ਗੇੜ ਚੋਂ ਨਿਕਲ ਕੇ ਬੰਦੇ ਨੂੰ ਕਿਹੜੀ ਜੂਨ ਮਿਲਦੀ ਐ – ਚਲੋ ਆਪਾਂ ਨੂੰ ਕੀ, ਆਪਣਾ ਤਾਂ ਏਥੇ ਈ ਕਨੇਡਾ ਏਥੇ ਈ ਵਲੈਤ......

(ਪਹਿਲੇ ਏਜੰਟ ਦੇ ਦਫਤਰ ਮੂਹਰੇ ਖੜ੍ਹਕੇ ਤੇ ਉਸਨੂੰ ਅਵਾਜ਼ ਦੇ ਕੇ) ਉਇ ਵੇਖੀਂ ਬਈ ਸਾਰੇ ਈ ਨਾ ਕਪੜੇ ਲਾਹ ਲੀਂ ਉਹਦੇ ਵਚਾਰੇ ਦੇ– (ਹੱਸਦਾ ਹੈ ਤੇ ਆਪਣੇ ਦਫਤਰ ਵਿੱਚ ਚਲਾ ਜਾਂਦਾ ਹੈ)।

[ਇਸ ਸਮੇਂ ਸਟੇਜ ਦੀ ਰੌਸ਼ਨੀ ਮੱਧਮ ਹੋ ਜਾਂਦੀ ਹੈ ਤੇ ਸੱਪਾਟ ਲਾਈਟ ਪਹਿਲੇ ਏਜੰਟ ਦੇ ਦਫਤਰ ਉਤੇ ਪੈਂਦੀ ਹੈ। ਆਦਮੀ ਦਫਤਰ ਵਿਚੋਂ ਨਿਕਲਦਾ ਹੈ, ਉਸਦੇ ਹੱਥ ਵਿੱਚ ਹੋਰ ਕਿੰਨ੍ਹੇ ਈ ਕਾਗਜ ਚੁੱਕੇ

ਹੋਏ ਹਨ, ਗਲ ਵਿਚੋਂ ਕੋਟ ਗਾਇਬ ਹੈ। ਉਹ ਕਾਗਜ ਸੰਭਾਲਦਾ ਕਾਹਲੀ ਕਾਹਲੀ ਇਮੀਗ੍ਰੇਸ਼ਨ ਦੇ ਦਫਤਰ ਵੱਲ ਨੂੰ ਜਾਂਦਾ ਹੈ। ਸਟੇਜ ਉੱਤੇ ਪੂਰੀ ਰੌਸ਼ਨੀ ਹੋ ਜਾਂਦੀ ਹੈ। ਆਦਮੀਂ ਸਾਰੇ ਕਾਗਜ਼ ਲਿਆ ਕੇ ਮਿ: ਸਿੰਗਲ ਸਾਹਮਣੇ ਰੱਖ ਦਿੰਦਾ ਹੈ। ਸਿੰਗਲ ਪਹਿਲਾਂ ਉਸ ਵਲ ਘੂਰੀ ਵੱਟ ਕੇ ਵੇਖਦਾ ਹੈ ਪਰ ਫੇਰ ਮੁਸਕ੍ਰੌਣ ਦੀ ਕੋਸ਼ਿਸ਼ ਕਰਦਾ ਹੈ। ਉਹ ਕੁਝ ਕਾਗਜ਼ ਰੱਖ ਲੈਂਦਾ ਹੈ ਤੇ ਬਾਕੀ ਆਦਮੀ ਨੂੰ ਫੜਾ ਦਿੰਦਾ ਹੈ]

**ਮਿ: ਸਿੰਗਲ :**

(ਹੱਥ ਦਾ ਇਸ਼ਾਰਾ ਕਰਕੇ) ਅਜੇ ਵੇਟ ਕਰੋ ਜਦੋਂ ਕਾਗਜ਼ ਰੈੱਡੀ ਹੋਏ ਤੁਹਾਨੂੰ ਬੁਲਾਵਾਂਗੇ।

[ਆਦਮੀਂ ਸੈਲੂਟ ਜਿਹੀ ਕਰਕੇ ਹੌਲੀ ਹੌਲੀ ਸਟੇਜ ਦੇ ਵਿਚਾਲੇ ਚਲਾ ਜਾਂਦਾ ਹੈ – ਖੜ੍ਹ ਜਾਂਦਾ ਹੈ, ਏਧਰ ਉਧਰ ਵੇਖਦਾ ਹੈ,ਲੰਮੀ ਉਬਾਸੀ ਲੈਂਦਾ ਹੈ। ਫੇਰ ਬੈਠ ਜਾਂਦਾ ਹੈ ਤੇ ਕਾਗਜਾਂ ਨੂੰ ਉੱਥਲ ਪੁਥੱਲ ਕੇ ਵੇਖਣ ਦਾ ਯਤਨ ਕਰਦਾ ਹੈ। ਇਕ ਹੋਰ ਉਬਾਸੀ ਲੈਂਦਾ ਹੈ ਤੇ ਕਾਗਜ ਇਕੱਠੇ ਕਰਕੇ ਉੱਠਦਾ ਹੈ। ਹੌਲੀ ਹੌਲੀ ਇਮੀਗ੍ਰੇਸ਼ਨ ਦਫਤਰ ਨੂੰ ਮਿੱਸ ਬੇਲੀ ਕੋਲ ਜਾਂਦਾ ਹੈ। ਇਸ ਸਮੇਂ ਦੌਰਾਨ ਉਸ ਦੀਆਂ ਸਾਰੀਆਂ ਹਰਕਤਾਂ ਅਕੇਵਾਂ ਦਰਸੌਂਦੀਆਂ ਹਨ ਤੇ ਦਰਸ਼ਕਾਂ ਲਈ ਮਜ਼ਾਹੀਆ ਮਹੌਲ ਪੈਦਾ ਕਰਦੀਆਂ ਹਨ। ਆਦਮੀਂ ਮਿੱਸ ਬੇਲੀ ਸਾਹਮਣੇ ਸਵਾਲੀਆ ਨਜ਼ਰਾਂ ਨਾਲ ਖੜ੍ਹ ਜਾਂਦਾ ਹੈ। ਮਿੱਸ ਬੇਲੀ ਉਸ ਤੋਂ ਇਸ਼ਾਰੇ ਨਾਲ ਕੁਝ ਪੁਛਦੀ ਹੈ ਤੇ ਦਰਸ਼ਕਾਂ ਨੂੰ ਨਾ ਸੁਨਣ ਵਾਲੀ ਅਵਾਜ਼ ਵਿੱਚ ਉਸ ਨਾਲ ਬੋਲਦੀ ਹੈ। ਫੇਰ ਮਿਸਟਰ ਸਿੰਗਲ ਵੱਲ ਆਉਂਦੀ ਹੈ]



**ਮਿੱਸ ਬੇਲੀ :**

ਇਹ ਜੰਟਲਮੈਨ ਪੁੱਛਦਾ ਹੈ, ਹੁਣ ਉਸਦਾ ਵੀਜ਼ਾ ਤਿਆਰ ਹੈ ਤਾਂ ਦੇ ਦੇਵੋ।

**ਮਿ: ਸਿੰਗਲ :**

(ਹੈਰਾਨੀ ਨਾਲ) ਵੀਜ਼ਾ !

[ਉਹ ਕੁਝ ਹੋਰ ਕਾਗਜ਼ ਚੁੱਕਦਾ ਹੈ ਤੇ ਮਿੱਸ ਬੇਲੀ ਨੂੰ ਫੜਾ ਦਿੰਦਾ ਹੈ ਨਾਲੇ ਇਸ਼ਾਰੇ ਨਾਲ ਕੁਝ ਸਮਝੌਂਦਾ ਹੈ। ਮਿੱਸ ਬੇਲੀ ਉਹ ਕਾਗਜ ਆਦਮੀ ਨੂੰ ਫੜਾ ਦਿੰਦੀ ਹੈ ਤੇ ਫੇਰ ਕੁਝ ਹੋਰ ਕਾਗਜ ਆਪਣੇ ਕੋਲੋਂ ਆਦਮੀਂ ਦੇ ਹੱਥ ਵਿੱਚ ਦਿੰਦੀ ਹੋਈ ਬੋਲਦੀ ਹੈ]

**ਮਿੱਸ ਬੇਲੀ :**

(ਮੁਸਕ੍ਰਾ ਕੇ) ਤੁਹਾਡੇ ਪਿਤਾ ਦੀ ਜਨਮ ਤਾਰੀਖ ਠੀਕ ਨਹੀਂ ਜਾਪਦੀ, ਅਸਲੀ ਜਨਮ ਤਾਰੀਖ ਲੈ ਕੇ ਆਵੋ। ਨਾਲੇ ਆਪਣੇ ਬੱਚੇ ਦਾ ਜਨਮ ਸਮੇਂ ਦਾ ਨਾਮ ਸਿਵਲ ਸਰਜਨ ਦੇ ਦਫਤਰ ਚੋਂ ਕਢਵਾ ਕੇ ਲਿਆਵੋ। (ਸਿਰ ਹਲੌਂਦੀ ਹੋਈ) ਔਲਰਾਈਟ ?

[ਆਦਮੀ ਉਸੇ ਵਾਂਗ ਸਿਰ ਹਿਲੌਂਦਾ ਹੋਇਆ ਤੇ ਕਾਗਜ ਸੰਭਾਲਣ ਦਾ ਯਤਨ ਕਰਦਾ ਹੋਇਆ ਵਾਪਸ ਮੁੜਦਾ ਹੈ। ਕਾਗਜਾਂ ਨੂੰ ਵੇਖਦਾ ਹੋਇਆ ਜਾਂਦਾ ਹੈ]

**ਮਿੱਸ ਬੇਲੀ :**

(ਪਿਛੋਂ ਅਵਾਜ਼ ਦਿੰਦੀ ਹੋਈ) ਅਰੇ ਮਿਸਟਰ ਸੁਣਨਾ (ਆਦਮੀਂ ਇਕ ਦਮ ਪਿਛੇ ਮੁੜਦਾ ਹੈ ਕਾਗਜ ਉਸ ਦੇ ਹਥੋਂ ਡਿੱਗ ਪੈਂਦੇ ਹਨ)

**ਮਿਸ ਬੇਲੀ :**

ਆਪਣੇ ਇਲਾਕੇ ਦੀ ਵੋਟਰ ਲਿਸਟ ਵੀ ਜ਼ਿਲ੍ਹਾ ਦਫਤਰ ਚੋਂ ਕਢਵਾ ਕੇ ਲਿਆਉਣੀ, ਫੇਰ ਵੀਜ਼ਾ ਛੇਤੀ ਮਿਲ ਜਾਵੇਗਾ। ਓ. ਕੇ ?

[ਆਦਮੀ ਸਿਰ ਹਿਲੌਂਦਾ ਹੈ ਤੇ ਕਾਗਜ ਸੰਭਾਲਣ ਦਾ ਯਤਨ ਕਰਦਾ ਹੈ। ਕਦੇ ਕੋਈ ਕਾਗਜ ਹੇਠਾਂ ਕਰ ਲੈਂਦਾ ਹੈ ਕਦੇ ਉੱਤੇ, ਕਦੇ ਉਹਨਾਂ ਨੂੰ ਗਹੁ ਨਾਲ ਵੇਖ ਕੇ ਅਤੇ ਸਮਝ ਕੇ ਤਰਤੀਬ ਨਾਲ ਰੱਖਣ ਦੀ ਕੋਸ਼ਿਸ਼ ਕਰਦਾ ਹੈ – ਫੇਰ ਉਸੇ ਤਰ੍ਹਾਂ ਸਾਰੇ ਕਾਗਜ ਚੁੱਕ ਕੇ ਤੁਰ ਪੈਂਦਾ ਹੈ। ਸੱਪਾਟ ਲਾਈਟ ਸਰਕਾਰੀ ਦਫਤਰ ਉੱਤੇ ਪੈਂਦੀ ਹੈ। ਆਦਮੀ ਦਫਤਰ ਦੇ ਸਾਹਮਣੇ ਖੜ੍ਹਾ ਪਰਦਾ ਚੁੱਕ ਕੇ ਅੰਦਰ ਜਾਣ ਲਗਦਾ ਹੈ ਪਰ ਜਕ ਜਾਂਦਾ ਹੈ ਤੇ ਫੇਰ ਖੜ੍ਹ ਕੇ ਸੋਚਣ ਲੱਗ ਪੈਂਦਾ ਹੈ, ਫੇਰ ਅੰਦਰ ਜਾਣ ਦਾ ਹੌਸਲਾ ਕਰਦਾ ਹੈ। ਅੰਦਰੋਂ ਇਕ ਜ਼ੋਰ ਦੀ ਛਿੱਕ ਵਜਦੀ ਹੈ ਆਦਮੀ ਤ੍ਰਭਕ ਕੇ ਡਿਗਦਾ ਡਿਗਦਾ ਮਸਾਂ ਬੱਚਦਾ ਹੈ ਤੇ ਆਪਣੇ ਡਿੱਗੇ ਹੋਏ ਕਾਗਜਾਂ ਨੂੰ ਸੰਭਾਲ ਕੇ ਫੇਰ ਅੰਦਰ ਜਾਣ ਦਾ ਹੌਸਲਾ ਕਰਦਾ ਹੈ। ਹੱਥ ਉਤਾਂਹ ਕਰਕੇ ਇਸ ਤਰਾਂ ਦੀ ਹਰਕਤ ਕਰਦਾ ਹੈ ਜਿਵੇਂ ਪੁੱਛ ਰਿਹਾ ਹੋਵੇ "ਮੇ ਆਈ ਕਮ ਇਨ ਸਰ ?" ਅੰਦਰੋਂ ਮੇਜ ਤੇ ਜ਼ੋਰ ਦੀ ਮੁੱਕਾ ਵੱਜਣ ਦੀ ਅਵਾਜ ਆਉਂਦੀ ਹੈ। ਆਦਮੀ ਡਰ ਕੇ ਪਿਛਾਂਹ ਹੋ ਜਾਂਦਾ ਹੈ। ਦਫਤਰ ਵਿਚੋਂ ਇਕ ਚਪੜਾਸੀ ਬਾਹਰ ਨਿਕਲਦਾ ਹੈ। ਆਦਮੀ ਅਤੇ ਚਪੜਾਸੀ ਦੋਵੇਂ ਇਕ ਦੂਜੇ ਵੱਲ ਵੇਖਦੇ ਹਨ – ਆਦਮੀ ਉਸ ਵੱਲ ਸਾਰੇ ਕਾਗਜ਼ ਅੱਗੇ ਕਰਦਾ ਹੈ ਤੇ ਸਿਰ ਹਿਲਾ ਕੇ ਅੰਦਰ ਜਾਣ ਵਾਸਤੇ ਇਜਾਜਤ ਮੰਗਦਾ ਹੈ – ਚਪੜਾਸੀ ਭਾਵਪੂਰਤ ਮੁਸਕ੍ਰਾਉਂਦਾ ਹੈ ਤੇ ਹੱਥ ਦੇ ਅੰਗੂਠੇ ਨਾਲ ਉਸ ਨੂੰ ਅੰਦਰ ਜਾਣ ਲਈ ਕਹਿੰਦਾ ਹੈ]

**ਚਪੜਾਸੀ** :

(ਇਕੱਲਾ ਸਟੇਜ ਤੇ ਟਹਿਲਦਾ ਹੋਇਆ ਤੇ ਵਿਅੰਗ ਨਾਲ ਮੁਸਕ੍ਰਾਉਂਦਾ ਹੋਇਆ) ਹੂੰ, ਬਾਹਰ ਜਾਣ ਦਾ ਚੱਕਰ ਐ–ਵਿਆਹ ਦਾ



ਸਾਟੀਫਿਟਕ ਚਾਹੀਦਾ ਹੋਣੈ ਜਾਂ ਕੁੜੀ ਦੇ ਦੋ ਨਾਂ ਰੱਖੇ ਹੋਣੇ ਐ...ਤੇ ਜਾਂ ਫੇਰ ਪਿਉ ਦੀ ਜਨਮ ਤਰੀਕ ਦਾ ਪੰਗਾ ਹੋਣੈਂ – ਬਈ ਹੈ ਊਂ ਇਮੀਗ੍ਰੇਸ਼ਨ ਵਾਲੇ ਵੀ ਬੜੇ ਸ਼ਤਾਨ, ਐਸਾ ਸੁਆਲ ਪੌਂਦੇ ਐ ਬੱਸ... (ਗੱਲ ਦਾ ਰੁੱਖ ਪਲਟਦਾ ਹੋਇਆ) ਏਥੇ ਕੋਈ ਬੰਦਿਆਂ ਨੂੰ ਨੀ ਪੁਛਦਾ, ਇਹ ਅਸਲੀ ਜਨਮ-ਤਰੀਕਾਂ ਪੁਛਦੇ ਐ – ਲੈ ਸਾਡੀ ਮਾਈ ਨੂੰ ਜਾ ਕੇ ਪੁੱਛੋ ਮੈਂ ਕਦੋਂ ਜੰਮਿਆ ਸੀ–ਕਹੂਗੀ (ਆਪਣੀ ਮਾਂ ਦੀ ਨਕਲ ਲਾਹੁੰਦਾ ਹੈ) ਉਦੋਂ ਧੱਲੇ ਕੀ ਵੱਡੀ ਕੁੜੀ ਦਾ ਵਿਆਹ ਸੀ, ਭਦੌੜ ਆਲੇ ਢੁੱਕੇ ਸੀ ਵੜੀ ਭਾਰੀ ਜੰਨ ਲੈ ਕੇ ਆਏ ਸੀ ਅੱਸੂ ਦੇ ਪਿਛਲੇ ਦਿਨਾਂ ਦੀ ਗੱਲ ਐ...ਨਾ ਭਾਈ ਖਵਰਨੀ ਕੱਤਾ ਸੀ... (ਹਸਦਾ ਹੈ)–

[ਅੰਦਰੋਂ ਕਾਹਲੀ ਨਾਲ ਆਦਮੀਂ ਨਿਕਲਦਾ ਹੈ]

**ਚਪੜਾਸੀ** :

ਕਿਉਂ ਬਾਈ ਸਿਐਂ ਬਣ ਗਿਐ ਕੰਮ ?

[ਆਦਮੀ ਨਾਂਹ ਵਿੱਚ ਸਿਰ ਹਿਲੌਂਦਾ ਹੈ]

**ਚਪੜਾਸੀ** :

ਕੀ ਗੱਲ ਗੇੜੇ ਮਾਰ ਮਾਰ ਕੇ ਤਾਂ ਦਫਤਰ ਦਾ ਫਰਸ਼ ਘਸਾ ਤਾ–

[ਆਦਮੀ ਉਸ ਨੂੰ ਕਾਗਜ ਵਿਖਾ ਕੇ ਹੱਥ ਦੇ ਇਸ਼ਾਰੇ ਨਾਲ ਦੱਸਦਾ ਹੈ ਕਿ ਦਸਖਤ ਹੋਣ ਵਾਲੇ ਰਹਿੰਦੇ ਐ – ਤੂੰ ਕਰਵਾ ਕੇ ਲਿਆ ਦੇ। ਚਪੜਾਸੀ ਇਸ਼ਾਰਾ ਸਮਝਦਾ ਹੋਇਆ ਮੁਸਕ੍ਰੌਂਦਾ ਹੈ ਤੇ ਫੇਰ ਦਫਤਰ ਵੱਲ ਅੰਗੂਠਾ ਕਰ ਕੇ ਪੈਸਾ ਟਣਕੌਣ ਦੀ ਹਰਕਤ ਕਰਦਾ ਹੈ – ਆਦਮੀ ਹੈਰਾਨੀ ਨਾਲ ਉਸ ਵੱਲ ਵੇਖਦਾ ਹੈ – ਚਪੜਾਸੀ ਫੇਰ ਪੈਸਾ ਟੁਣਕੌਣ ਦੀ ਹਰਕਤ ਕਰਦਾ ਹੈ ਤੇ ਦਫਤਰ ਵੱਲ ਇਸ਼ਾਰਾ ਕਰਦਾ ਹੈ – ਆਦਮੀਂ ਉਸਦਾ ਇਸ਼ਾਰਾ ਸਮਝ ਕੇ ਸਿਰ ਹਲੌਂਦਾ ਹੈ ਤੇ ਫੇਰ ਅੰਦਰ ਚਲਾ ਜਾਂਦਾ ਹੈ]

**ਚਪੜਾਸੀ :**

(ਹੱਸਦਾ ਹੈ ਫੇਰ ਹੋਰ ਉੱਚੀ ਹੱਸਦਾ ਹੈ) ਕਹਿੰਦਾ ਅਫਸਰ ਦੇ ਦਸਖਤ ਹੋਣ ਵਾਲੇ ਰਹਿੰਦੇ ਐ। ਹਿੰਦੁਸਤਾਨ 'ਚ ਜੰਮ ਕੇ ਅਜੇ ਤੱਕ ਏਹਨੂੰ ਇਹ ਵੀ ਪਤਾ ਨੀ ਲੱਗਾ ਬਈ ਅਫਸਰਾਂ ਦੇ ਦਸਖਤਾਂ ਦਾ ਕੀ ਮਤਲਬ ਹੁੰਦੈ, ਅਫਸਰਾਂ ਤੋਂ ਦਸਖਤ ਕਿਵੇਂ ਕਰਵਾਈਦੇ ਐ। ਵਾਹ ਉਏ ਅਫਲਾਤੂਨ ਦਿਆ ਪੁੱਤਰਾ, ਚੰਗੀਆਂ ਪੂਰੀਆਂ ਪਾਏਗਾ ਬਾਹਰ ਜਾ ਕੇ। ਚਲੋ, ਹੁਣ ਲੱਗ ਜੂ ਪਤਾ। ਬੱਲੇ ਵਈ ਬੱਲੇ, ਅਫਸਰਾਂ ਦੀ ਬੜੀ ਠਾਠ ਐ। ਹਿੰਦੋਸਤਾਨ 'ਚ ਜੰਮੇਂ ਤਾ ਬੰਦਾ ਅਫਸਰ ਈ ਜੰਮੇ, ਨਹੀਂ ਤਾਂ ਨਾ ਈ ਜੰਮੇ।

[ਇੰਨੇ ਨੂੰ ਬੰਦਾ ਬਾਹਰ ਆਉਂਦਾ ਹੈ। ਉਸਦੇ ਗਲ ਚੋਂ ਸਵੈਟਰ ਲੱਥਾ ਹੋਇਆ ਹੈ। ਹੱਥ ਵਿੱਚ ਕਾਗਜ ਪਹਿਲਾਂ ਨਾਲੋਂ ਵੀ ਜਿਆਦਾ ਹਨ ਉਹ ਕਾਗਜਾਂ ਨੂੰ ਸੰਭਾਲਦਾ, ਵੇਖਦਾ ਪਰਖਦਾ, ਹੌਲੀ ਹੌਲੀ ਚਪੜਾਸੀ ਕੋਲ ਦੀ ਲੰਘ ਜਾਂਦਾ ਹੈ]

**ਚਪੜਾਸੀ :**

ਚੰਗਾ ਬਾਈ ਸਿਆਂ ਸਾਸਰੀ ਕਾਲ। ਯਾਦ ਰੱਖੀਂ ਸਾਨੂੰ ਵੀ ਬਾਹਰ ਜਾਕੇ।

[ਆਦਮੀ ਚਪੜਾਸੀ ਵੱਲ ਵੇਖਦਾ ਹੈ – ਪਰ ਬਿਨਾਂ ਕੁਝ ਬੋਲੇ ਫੇਰ ਕਾਗਜ ਵੇਖਣ ਲੱਗ ਪੈਂਦਾ ਹੈ ਤੇ ਦੂਜੇ ਪਾਸੇ ਨੂੰ ਤੁਰ ਜਾਂਦਾ ਹੈ]

**ਚਪੜਾਸੀ :**

(ਆਦਮੀ ਦੇ ਪਿੱਠ ਮੋੜਨ ਪਿਛੋਂ) ਹੂੰ! ਅਜੇ ਤੂੰ ਕੀ ਵੇਖਿਐ, ਅਜੇ ਪਤਾ ਤਾਂ ਉਦੋਂ ਲਗੂ ਜਦੋਂ ਪਾਸਪੋਰਟ ਵਾਲਿਆਂ ਨਾ ਮੱਥਾ ਲੱਗਾ।

[ਸੱਪਾਟ ਲਾਈਟ ਇਮੀਗ੍ਰੇਸ਼ਨ ਦਫਤਰ ਤੇ ਪੈਂਦੀ ਹੈ ਦਫਤਰ ਇਸ ਸਮੇਂ ਖਾਲੀ ਹੈ,ਆਦਮੀ ਆ ਕੇ ਮਿਸਟਰ ਸਿੰਗਲ ਦੇ ਦਫਤਰ ਕੋਲ ਖੜ੍ਹ ਜਾਂਦਾ ਹੈ – ਮਿਸਟਰ



ਸਿੰਗਲ ਅੰਦਰੋਂ ਆਉਂਦਾ ਹੈ। ਆਦਮੀ ਸਾਰੇ ਕਾਗਜ਼ ਉਸਦੇ ਅੱਗੇ ਰੱਖ ਦਿੰਦਾ ਹੈ। ਮਿਸਟਰ ਸਿੰਗਲ ਕਦੇ ਕਾਗਜ਼ਾਂ ਵੱਲ ਵੇਖਦਾ ਹੈ ਕਦੇ ਆਦਮੀ ਵੱਲ। ਫੇਰ ਆਦਮੀ ਨੂੰ ਹੱਥ ਦਾ ਇਸ਼ਾਰਾ ਕਰਕੇ ਕਹਿੰਦਾ ਹੈ ਕਿ ਪਰ੍ਹੇ ਜਾ ਕੇ ਵੇਟ ਕਰ। ਆਦਮੀਂ ਹੌਲੀ ਹੌਲੀ ਉਬਾਸੀਆਂ ਲੈਂਦਾ ਸਟੇਜ ਦੇ ਵਿਚਾਲੇ ਜਾ ਕੇ ਖੜ੍ਹ ਜਾਂਦਾ ਹੈ। ਫੇਰ ਉਕਤਾ ਕੇ ਸਟੇਜ ਉੱਤੇ ਦੌੜ ਦੌੜ ਕੇ ਚੱਕਰ ਕੱਢਣ ਲੱਗ ਪੈਂਦਾ ਹੈ। ਕੁਝ ਚੱਕਰ ਕੱਢਣ ਪਿਛੋਂ ਉਹ ਮਿਸਟਰ ਸਿੰਗਲ ਕੋਲ ਆ ਜਾਂਦਾ। ਸਿੰਗਲ ਉਸਨੂੰ ਹੱਥ ਨਾਲ ਠਹਿਰਨ ਦਾ ਇਸ਼ਾਰਾ ਕਰਦਾ ਹੈ ਉਸਦੇ ਕਾਗਜ਼ਾਂ ਨੂੰ ਧਿਆਨ ਨਾਲ ਵੇਖਦਾ ਹੈ ਤੇ ਫੇਰ ਉਸ ਨੂੰ ਹੱਥ ਨਾਲ ਪਰ੍ਹੇ ਜਾ ਕੇ ਚੱਕਰ ਕੱਢਣ ਦਾ ਇਸ਼ਾਰਾ ਕਰਦਾ ਹੈ ਜੋ ਵੇਟ ਕਰਨ ਦਾ ਪ੍ਰਤੀਕ ਹੈ – ਆਦਮੀ ਫੇਰ ਪਹਿਲਾਂ ਵਾਂਗ ਹੀ ਜਾ ਕੇ ਚੱਕਰ ਕੱਢਣ ਲੱਗ ਜਾਂਦਾ ਹੈ। ਮਿਸਟਰ ਸਿੰਗਲ ਮੇਜ ਤੇ ਪਈ ਘੰਟੀ ਵਜਾਉਂਦਾ ਹੈ – ਅੰਦਰੋਂ ਮਿੱਸ ਬੇਲੀ ਆਉਂਦੀ ਹੈ]

**ਮਿੱਸ ਬੇਲੀ :**

ਯੈੱਸ ਸਰ

**ਮਿ: ਸਿੰਗਲ :**

ਮਿੱਸ ਬੇਲੀ, ਪੋਲੀਸ ਦਫਤਰ ਫੋਨ ਕੀਤਾ ਸੀ?

**ਮਿੱਸ ਬੇਲੀ :**

ਯੈੱਸ ਸਰ, ਪੁਲੀਸ ਅਫਸਰ ਅਵੇਲੇਬਲ ਨੇ।

**ਮਿ: ਸਿੰਗਲ :**

ਵੈਰੀ ਗੁੱਡ, ਆਹ ਕਾਗਜ ਉਹਨਾਂ ਨੂੰ ਦੇ ਦੇ।

**ਮਿੱਸ ਬੇਲੀ :**

ਓ. ਕੇ. ਸਰ (ਮੁਸਕ੍ਰੌਂਦੀ ਹੈ ਤੇ ਦਫਤਰ ਦੇ ਅੰਦਰ ਚਲੀ ਜਾਂਦੀ ਹੈ)

[ਆਦਮੀ ਚੱਕਰ ਕਟਦਾ ਸਾਹੋ ਸਾਹ ਹੋਇਆ ਆਉਂਦਾ ਹੈ – ਮਿਸਟਰ ਸਿੰਗਲ ਉਸ ਵੱਲ ਵੇਖ ਕੇ ਤਨਜ਼ੀਆ ਮੁਸਕ੍ਰੌਂਦਾ ਹੈ ਤੇ ਠਹਿਰਨ ਦਾ ਇਸ਼ਾਰਾ ਕਰਦਾ ਹੈ। ਫੇਰ ਉਸਦੇ ਸਾਰੇ ਕਾਗਜ਼ ਤੇ ਕੁਝ ਹੋਰ, ਉਸਨੂੰ ਫੜਾ ਦਿੰਦਾ ਹੈ ਤੇ ਜਾਣ ਦਾ ਇਸ਼ਾਰਾ ਕਰਦਾ ਹੈ। ਆਦਮੀਂ ਕਾਗਜ ਸੰਭਾਲਦਾ ਹੋਇਆ ਹੌਲੀ ਹੌਲੀ ਜਾਣ ਲੱਗਦਾ ਹੈ। ਮਿਸਟਰ ਸਿੰਗਲ ਦਫਤਰ ਤੋਂ ਜਰਾ ਪਰ੍ਹੇ ਵੱਲ ਕੋਈ ਇਸ਼ਾਰਾ ਕਰਦਾ ਹੈ। ਇਕ ਪੋਲੀਸ ਅਫਸਰ ਪਿਛੋਂ ਹਨੇਰੇ ਵਿਚੋਂ ਨਿਕਲ ਕੇ ਆਦਮੀ ਦੇ ਪਿਛੇ ਤੁਰਨ ਲੱਗ ਪੈਂਦਾ ਹੈ। ਮਿਸਟਰ ਸਿੰਗਲ ਇਸ ਸਮੇਂ ਦਫਤਰ ਦੇ ਪਿੱਛੇ ਚਲਾ ਜਾਂਦਾ ਹੈ, ਅਫਸਰ ਦੇ ਹੱਥ ਵਿੱਚ ਇਕ ਕਾਪੀ ਅਤੇ ਪੈਨਸਿਲ ਹੈ। ਆਦਮੀ ਜੋ ਹਰਕਤ ਕਰਦਾ ਹੈ ਅਫਸਰ ਨੋਟ ਕਰੀ ਜਾਂਦਾ ਹੈ – ਛਿੱਕ ਮਾਰਨੀ, ਖੰਘ, ਬੈਠਣਾ ਉੱਠਣਾ ਆਦਿ। ਮੰਚ ਦੇ ਪਿਛੋਕੜ ਵਿਚੋਂ ਕੋਈ ਨਾਹਰੇ ਲੱਗਣ ਦੀ ਅਵਾਜ ਆਉਂਦੀ ਹੈ – ਆਦਮੀ ਉਧਰ ਕੰਨ ਕਰਕੇ ਸੁਣਦਾ ਹੈ ਤੇ ਖੁਸ਼ ਹੋ ਜਾਂਦਾ ਹੈ। ਅਫਸਰ ਉਸ ਵੱਲ ਘੂਰ ਕੇ ਵੇਖਦਾ ਹੈ ਤੇ ਨੋਟ ਕਰ ਲੈਂਦਾ ਹੈ – ਆਦਮੀ ਫੇਰ ਸਿੱਧਾ ਹੋ ਕੇ ਤੁਰਨ ਲੱਗ ਪੈਂਦਾ ਹੈ – ਆਦਮੀ ਨੂੰ ਇਕ ਦਮ ਕੋਈ ਖਿਆਲ ਸੁਝਦਾ ਹੈ, ਖੜ ਜਾਂਦਾ ਹੈ ਤੇ ਆਪਣਾ ਗੁਲੂਬੰਦ ਲਾਹ ਕੇ ਅਫਸਰ ਦੇ ਗਲ ਵਿੱਚ ਪਾ ਦਿੰਦਾ ਹੈ – ਅਫਸਰ ਖੁਸ਼ ਹੋ ਜਾਂਦਾ ਹੈ ਤੇ ਨੋਟ ਬੁੱਕ ਵਿੱਚ ਕੁਝ ਨੋਟ ਕਰਕੇ ਪਿਛੇ ਮੁੜ ਜਾਂਦਾ ਹੈ। ਮਿਸਟਰ ਸਿੰਗਲ ਦੇ ਮੇਜ਼ ਕੋਲ ਆ ਕੇ ਖੜ੍ਹ ਜਾਂਦਾ ਹੈ। ਅੰਦਰੋਂ ਮਿਸਟਰ ਸਿੰਗਲ ਨਿਕਲਦਾ ਹੈ, ਅਫਸਰ ਉਸਨੂੰ ਕੁਝ ਕਾਗਜ਼ ਫੜੌਂਦਾ ਹੈ। ਇੰਨੇ ਚਿਰ ਨੂੰ ਆਦਮੀ ਵੀ ਉਥੇ ਆ ਕੇ ਖੜ ਜਾਂਦਾ ਹੈ]



**ਮਿ: ਸਿੰਗਲ** :

(ਆਦਮੀ ਨੂੰ ਰੋਅਬ ਨਾਲ, ਹੱਥ ਦਾ ਇਸ਼ਾਰਾ ਕਰਕੇ) ਅਜੇ ਵੇਟ ਕਰੋ, ਜਦੋਂ ਕਾਗਜ ਰੈੱਡੀ ਹੋਏ ਤੈਨੂੰ ਬੁਲਾਵਾਂਗੇ।

[ਆਦਮੀ ਮੁੜਦਾ ਹੈ,ਮੱਥੇ ਤੇ ਹੱਥ ਮਾਰਦਾ ਹੈ ਤੇ ਮੰਚ ਦੇ ਵਿਚਾਲੇ ਨੂੰ ਤੁਰ ਪੈਂਦਾ ਹੈ]

**ਮਿ: ਸਿੰਗਲ** :

(ਅਫਸਰ ਵੱਲ ਮੁਸਕ੍ਰੌਂਦਾ ਹੋਇਆ) ਪੋਲੀਸ ਵੇਰੀਫੀਕੇਸ਼ਨ ਕੰਮਪਲੀਟ ਹੋ ਗੀ ਇੰਨਸਪੈਕਟਰ ਸਾਹਬ ?

**ਅਫਸਰ** :

ਹਾਂ ਜਨਾਬ, ਸਭ ਕਾਗਜ ਤਿਆਰ ਹਨ।

**ਮਿ: ਸਿੰਗਲ** :

ਸ਼ੁਕਰੀਆ, ਥੈਂਕ ਯੂ ਵੈਰੀ ਮੱਚ।

**ਅਫਸਰ** :

ਥੈਂਕ ਯੂ ਸਰ (ਸੈਲੂਟ ਮਾਰ ਕੇ ਜਾਂਦਾ ਹੈ)

[ਇਸ ਸਮੇਂ ਸੱਪਾਟ ਲਾਈਟ ਆਦਮੀ ਉੱਤੇ ਪੈਂਦੀ ਹੈ ਜੋ ਸਟੇਜ ਦੇ ਵਿਚਾਲੇ ਅੱਕਿਆ ਹੋਇਆ ਸਮਾਂ ਬਤੀਤ ਕਰਨ ਲਈ ਬੈਠਕਾਂ ਕੱਢ ਰਿਹਾ ਹੈ। ਮਿਸਟਰ ਸਿੰਗਲ ਇਸ ਸਮੇਂ ਕੁਝ ਕਾਗਜ ਮਿੱਸ ਬੇਲੀ ਦੇ ਮੇਜ ਤੇ ਰੱਖ ਕੇ ਦਫਤਰ ਅੰਦਰ ਚਲਾ ਜਾਂਦਾ ਹੈ – ਆਦਮੀ ਹੌਲੀ ਹੌਲੀ ਦਫਤਰ ਵੱਲ ਨੂੰ ਆਉਂਦਾ ਹੈ – ਮਿੱਸ ਬੇਲੀ ਬਾਹਰ ਆਉਂਦੀ ਹੈ ਆਦਮੀ ਇਕ ਦਮ ਉਸ ਕੋਲ ਜਾਂਦਾ ਹੈ ਤੇ ਉਤ-ਸੁਕਤਾ ਨਾਲ ਉਸ ਵੱਲ ਵੇਖ ਕੇ ਹੱਥ ਦੇ ਇਸ਼ਾਰੇ ਨਾਲ ਕੁਝ ਪੁਛਦਾ ਪਰਤੀਤ ਹੁੰਦਾ ਹੈ। ਖੱਬੇ ਹੱਥ ਵਿੱਚ ਉਸ ਨੇ ਆਪਣੇ ਸਾਰੇ ਕਾਗਜ਼ ਸਾਂਭੇ ਹੋਏ ਹਨ]

**ਮਿਸ ਬੇਲੀ** :

(ਹੈਰਾਨੀ ਨਾਲ) ਵੀਜ਼ਾ ?

[ਫੇਰ ਮੁਸਕ੍ਰਾ ਕੇ ਸਿਰ ਹਲੌਂਦੀ ਹੈ]

ਨਹੀਂ ਅਜੇ ਵੀਜ਼ਾ ਨਹੀਂ ਮਿਲਣਾ (ਉਸਨੂੰ ਕੁਝ ਹੋਰ ਕਾਗਜ ਫੜੌਂਦੀ ਹੋਈ) ਅਜੇ ਤੇਰੀ ਡਾਕਟਰੀ ਹੋਣੀ ਹੈ—ਜਾ ਇਹ ਕਾਗਜ ਡਾਕਟਰ ਦੇ ਦਫਤਰ ਲੈ ਜਾ।

[ਆਦਮੀ ਕਾਗਜਾਂ ਵਿੱਚ ਉਲਝਿਆ ਹੋਇਆ ਹੌਲੀ ਹੌਲੀ ਸਟੇਜ ਦੇ ਕੇਂਦਰ ਵਲ ਨੂੰ ਤੁਰਦਾ ਹੈ। ਮਿੱਸ ਬੇਲੀ ਅੰਦਰ ਚਲੀ ਜਾਂਦੀ ਹੈ। ਸੱਪਾਟਲਾਈਟ ਡਾਕਟਰ ਦੇ ਦਫਤਰ ਤੇ ਪੈਂਦੀ ਹੈ ਜਿਸ ਤੇ ਲਿਖਿਆ ਹੋਇਆ ਹੈ "ਡਾਕਟਰ ਚਤੁਰਸੈਨ"। ਆਦਮੀ ਡਾਕਟਰ ਦੇ ਦਫਤਰ ਅੱਗੇ ਖੜ੍ਹਕੇ ਕਾਗਜ ਦੇਖਣ ਲੱਗ ਪੈਂਦਾ ਹੈ, ਜਿਵੇਂ ਡਾਕਟਰੀ ਵਾਲੇ ਕਾਗਜ ਲੱਭ ਰਿਹਾ ਹੋਵੇ। ਏਨੇ ਨੂੰ ਅੰਦਰੋਂ ਇਕ ਚਿੱਟੇ ਕਪੜਿਆਂ ਵਾਲਾ ਕੰਮਪਾਊਂਡਰ ਨਿਕਲਦਾ ਹੈ ਉਸਦੇ ਹੱਥ ਵਿੱਚ ਇਕ ਵੱਡੀ ਸਰਿੰਜ ਹੈ। ਉਹ ਸਰਿੰਜ ਦੀ ਸੂਈ ਸਿੱਧੀ ਆਦਮੀ ਵੱਲ ਨੂੰ ਕਰਦਾ ਹੈ। ਆਦਮੀ ਤ੍ਰਹਿ ਕੇ ਖੜ੍ਹ ਜਾਂਦਾ ਹੈ। ਕੰਮਪਾਊਂਡਰ ਸ਼ਰਾਰਤ ਨਾਲ ਮੁਸਕ੍ਰੌਂਦਾ ਹੈ]

**ਕੰਮਪਾਊਂਡਰ :**

ਹੂੰ ਤਾਂ ਡਾਕਟਰੀ ਕਰਵੌਣੀ ਐ ਬਾਹਰ ਜਾਣ ਵਾਸਤੇ—(ਅੱਖਾਂ ਦੇ ਭਰਵੱਟੇ ਤਾਂਹ ਕਰਦਾ ਹੋਇਆ) ਕਨੇਡਾ ਕਿ ਵਲੈਤ (ਆਦਮੀ ਕੁਝ ਨੀ ਬੋਲਦਾ) ਚਲੋ ਕੋਈ ਹੋਇਆ, ਡਾਕਟਰੀ ਤੇਰੀ ਵਧੀਆ ਕਰਾਂਗੇ। ਡਾਕਟਰ ਸਾਹਿਬ ਤਾਂ ਫੇਰ ਵੇਖਣਗੇ ਪਹਿਲਾਂ ਮੇਰੀ ਵਾਰੀ ਐ--ਚੱਲ ਫਿਰ ਕਰ ਅੱਖਾਂ ਬੰਦ ਤੇ ਮੂੰਹ ਕਰ ਉਤਾਂਹ।

[ਆਦਮੀ ਉਸੇ ਤਰ੍ਹਾਂ ਅੱਖਾਂ ਬੰਦ ਕਰਕੇ ਮੂੰਹ ਉਤਾਂਹ ਕਰ ਲੈਂਦਾ ਹੈ ਕਾਗਜ ਉਸਦੇ ਦੋਹਾਂ ਹੱਥਾਂ ਵਿਚ ਫੜੇ ਹੋਏ ਹਨ। ਕੰਮਪਾਊਂਡਰ ਪਹਿਲਾਂ ਉਸਦੀ ਪੈਂਟ ਦੀ ਖੱਬੀ ਜੇਬ ਫਰੋਲਦਾ ਹੈ ਤੇ ਉਸਨੂੰ ਪੁੱਠੀ ਕਰਕੇ ਬਾਹਰ ਲਟਕਾ ਦਿੰਦਾ ਹੈ – ਫੇਰ ਉਸੇ ਤਰ੍ਹਾਂ ਸੱਜੀ ਜੇਬ ਫਰੋਲ ਕੇ ਬਾਹਰ ਪੁੱਠੀ ਲਟਕਾ ਦਿੰਦਾ ਹੈ ਤੇ ਫੇਰ ਉਸਦੀ ਕਮੀਜ ਤੇ ਹੱਥ ਮਾਰਦਾ ਹੈ ਜਿਵੇਂ ਹੋਰ ਕੁਝ ਫੋਲ ਰਿਹਾ ਹੋਵੇ]



**ਕੰਮਪਾਊਂਡਰ :**

ਸ਼ਾਬਾਸ਼! ਹੁਣ ਹੱਥ ਥੱਲੇ ਕਰ ਅਤੇ ਅੰਦਰ ਚਲ ਉਥੇ ਡਾਕਟਰ ਸਾਹਿਬ ਤੈਨੂੰ ਵੇਖਣਗੇ।

[ਆਦਮੀ ਹੱਥ ਥੱਲੇ ਕਰਕੇ ਜਕਦਾ ਜਕਦਾ, ਦਫਤਰ ਅੰਦਰ ਦਾਖਲ ਹੋ ਜਾਂਦਾ ਹੈ]

**ਕੰਮਪਾਊਂਡਰ :**

(ਹੱਸਦਾ ਹੈ) ਵਾਰੇ ਵਾਰੇ ਜਾਈਏ ਇਹਨਾਂ ਬਾਹਰਲੇ ਮੁਲਕਾਂ ਦੇ ਵੀ, ਕਨੇਡਾ ਲੈ ਲੋ, ਵਲੈਤ ਲੈ ਲੋ...ਉਥੇ ਬੱਸ ਇਕ ਵਾਰ ਬੰਦਾ ਪਹੁੰਚ ਜਾਵੇ। ਫੇਰ ਕਹਿੰਦੇ ਕੋਈ ਬਮਾਰੀ ਨਹੀਂ-ਨ—ਤੇ ਐਥੇ? ਐਥੇ ਕਹਿੰਦੇ ਹਰ ਕੋਈ ਬਮਾਰ ਐ, ਕੁੱਕਰੇ ਤਾਂ ਹਰੇਕ ਦੀਆਂ ਅੱਖਾਂ 'ਚ ਨਿਕਲਦੇ ਐ, ਜੇ ਕੁੱਕਰੇ ਨਹੀਂ, ਸਟੂਲ ਤਾਂ ਵੱਟ ਤੇ ਪਿਐ। ਚਲੋ ਜੀ ਆਪਾਂ ਨੂੰ ਕੀ – ਆਪਾਂ ਤਾਂ......

[ਕੰਮਪਾਊਂਡਰ ਆਪਣੇ ਦਫਤਰ ਦੇ ਅੰਦਰ ਚਲਾ ਜਾਂਦਾ ਹੈ। ਏਨੇ ਚਿਰ ਨੂੰ ਇਮੀਗ੍ਰੇਸ਼ਨ ਦਫਤਰ ਵਿਚੋਂ ਮਿਸਟਰ ਸਿੰਗਲ ਬਾਹਰ ਨਿਕਲ ਆਉਂਦਾ ਹੈ ਤੇ ਕੁਝ ਕਾਗਜ ਫਰੋਲਣ ਲੱਗ ਪੈਂਦਾ ਹੈ। ਫੇਰ ਘੰਟੀ ਮਾਰਦਾ ਹੈ ਮਿੱਸ ਬੇਲੀ ਬਾਹਰ ਆਉਂਦੀ ਹੈ]

**ਮਿੱਸ ਬੇਲੀ :**

ਯੈੱਸ ਸਰ

**ਮਿ: ਸਿੰਗਲ :**

ਮਿਸਟਰ ਕਨ੍ਹਿੰਗਹੈਮ ਅੰਦਰ ਨੇ?

**ਮਿੱਸ ਬੇਲੀ :**

ਯੈੱਸ ਸਰ, ਉਹ ਬਿਜ਼ੀ ਨੇ—

**ਮਿ: ਸਿੰਗਲ :**

ਅਹਿ ਮੈਡੀਕਲ ਰੀਪੋਰਟ ਉਨ੍ਹਾਂ ਦੇ ਮੇਜ ਤੇ ਰੱਖ ਦੇ

**ਮਿਸ ਬੇਲੀ :**

ਓ. ਕੇ. ਸਰ (ਜਾਂਦੀ ਹੈ)

[ਮਿਸਟਰ ਸਿੰਗਲ ਫੇਰ ਕਾਗਜ਼ ਵਗੈਰਾ ਠੀਕ ਕਰਨ ਲੱਗ ਪੈਂਦਾ ਹੈ। ਤੇ ਨਾਲ ਗੁਣਗੁਣਾ ਰਿਹਾ ਹੈ। ਏਨੇ ਚਿਰ ਨੂੰ ਆਦਮੀ ਛਾਲ ਮਾਰ ਕੇ ਡਾਕਟਰ ਦੇ ਦਫਤਰੋਂ ਨਿਕਲਦਾ ਹੈ। ਸੱਪਾਟ ਲਾਈਟ ਹੁਣ ਡਾਕਟਰ ਦੇ ਦਫਤਰ ਉੱਤੇ ਹੈ। ਆਦਮੀ ਦੇ ਗਲੋਂ ਕਮੀਜ ਲੱਥੀ ਹੋਈ ਹੈ ਤੇ ਬੁਨੈਣ ਵੀ, ਪੈਂਟ ਦੀਆਂ ਜੇਬਾਂ ਉਸੇ ਤਰ੍ਹਾਂ ਪੁੱਠੀਆਂ ਲਟਕ ਰਹੀਆਂ ਹਨ। ਉਹ ਕਾਹਲੀ ਨਾਲ ਮਿਸਟਰ ਸਿੰਗਲ ਦੇ ਸਾਹਮਣੇ ਆ ਕੇ ਖੜ੍ਹ ਜਾਂਦਾ ਹੈ। ਦੋਹਾਂ ਹੱਥਾਂ ਵਿੱਚ ਕਿੰਨੇ ਈ ਕਾਗਜ ਫੜੇ ਹੋਏ ਹਨ ਜੋ ਡਾਕਟਰ ਦੇ ਦਫਤਰੋਂ ਨਿਕਲਣ ਪਿਛੋਂ ਹੋਰ ਵੀ ਵਧ ਗਏ ਹਨ—ਉਹ ਸਾਰੇ ਕਾਗਜ ਮਿਸਟਰ ਸਿੰਗਲ ਅੱਗੇ ਰੱਖ ਦਿੰਦਾ ਹੈ। ਮਿਸਟਰ ਸਿੰਗਲ ਤੇ ਆਦਮੀ ਇਕ ਦੂਜੇ ਨੂੰ ਟਿਕ ਟਿਕੀ ਲਾ ਕੇ ਦੇਖਦੇ ਹਨ – ਫੇਰ ਸਿੰਗਲ ਅੰਦਰ ਅਵਾਜ ਦਿੰਦਾ ਹੈ]

**ਮਿ: ਸਿੰਗਲ** :

(ਉੱਚੀ ਅਵਾਜ ਦੇ ਕੇ) ਮਿੱਸ ਬੇਲੀ, ਵੀਜ਼ਾ ਰੈੱਡੀ ਹੈ।

**ਮਿੱਸ ਬੇਲੀ** :

(ਬਾਹਰ ਆਉਂਦੀ ਹੋਈ)

......ਯੈੱਸ ਸਰ ਵੀਜ਼ਾ ਤਿਆਰ ਹੈ।

[ਮਿਸਟਰ ਸਿੰਗਲ ਮੁਸਕ੍ਰੌਂਦਾ ਹੈ ਤੇ ਆਦਮੀ ਨੂੰ ਅੰਦਰ ਜਾਣ ਲਈ ਇਸ਼ਾਰਾ ਕਰਦਾ ਹੈ। ਆਦਮੀਂ ਮੇਜ਼ ਕੋਲੋਂ ਦਰਸ਼ਕਾਂ ਵਾਲੇ ਪਾਸੇ ਦੀ ਹੋ ਕੇ ਅੰਦਰ ਜਾਂਦਾ ਹੈ। ਜਦੋਂ ਉਹ ਮਿਸਟਰ ਸਿੰਗਲ ਕੋਲੋਂ ਗੁਜਰਦਾ ਹੈ ਤਾ ਸਿੰਗਲ ਝੁਕ ਕੇ ਇਕ ਦਮ ਉਹਦੀ ਪੈਂਟ ਨੂੰ ਹੱਥ ਪਾ ਲੈਂਦਾ ਹੈ – ਆਦਮੀਂ ਪਿੱਛੇ ਭਉਂ ਕੇ ਸਿੰਗਲ ਵੱਲ ਵੇਖਦਾ ਹੈ – ਸਿੰਗਲ ਉਸੇ ਤਰ੍ਹਾਂ ਪੈਂਟ ਖਿੱਚੀ ਉਸ ਵੱਲ ਵੇਖਦਾ ਹੈ ਜਿਵੇਂ ਆਪਣਾ ਹਿੱਸਾ ਮੰਗ ਰਿਹਾ ਹੋਵੇ – ਆਦਮੀ ਦੇ ਹੱਥ ਸੁਭਾਵਕ ਹੀ ਪੈਂਟ ਦੀ ਬੈਲਟ ਤੇ ਜਾਂਦੇ ਹਨ ਪਰ ਚਿਹਰੇ ਉੱਤੇ ਦੁਬਿਧਾ ਹੈ : ਪੈਂਟ ਲਾਹਵੇ ਕਿ ਨਾ ਲਾਹਵੇ]

ਪਰਦਾ

o